ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥


# ਸੂਰਾ

ਅੰਮ੍ਰਿਤਸਰ

## ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਲਾਹੌਰ (ਪਾਕਿਸਤਾਨ)

JUNE 1989

ਜੂਨ ੧੯੮੯



ਸ਼੍ਰੋਮਣੀ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਅਸਥਾਨ

www.AKJ.Org

# ਤਤਕਰਾ


| | | |
|---|---|---|
| ਗੁਰ ਅਰਜਨ ਵਿਟਹੁ ਕੁਰਬਾਣੀ | ੩ | ਭਾ: ਸਾ: ਭਾਈ ਗੁਰਦਾਸ ਜੀ |
| ਸ਼ਾਂਤ-ਬੀਰਤਾ ਦੇ ਸੱਚੇ ਅਵਤਾਰ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਲਾਸਾਨੀ ਕੁਰਬਾਨੀ ਪੰਜਵੇਂ ਨਾਨਕ ਦੀ | ੬ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸਿਖ ਨੂੰ ਸਤਿਗੁਰੂ ਪਹਿਲਾਂ | ੧੦ | ਪ੍ਰੋਫੈਸਰ ਪੂਰਨ ਸਿੰਘ ਜੀ |
| ਭਾਣਾ ਮੰਨੇ ਸੋ ਸੁਖੁ ਪਾਏ | ੧੧ | ਪ੍ਰੋਫੈਸਰ ਹਰਨਾਮ ਸਿੰਘ ਜੀ |
| ਮਹਾਨ ਸ਼ਹੀਦੀ ਸਮੇਂ ਅਡੋਲਤਾ ਦਾ ਆਧਾਰ | ੧੪ | ਭਾਈ ਨਰੈਣ ਸਿੰਘ ਜੀ ਐਮ. ਏ. |
| ਇਤਿਹਾਸ ਗੁ: ਕਿਲ੍ਹਾ ਲੋਹਗੜ੍ਹ ਸਾਹਿਬ | ੧੮ | ਪ੍ਰਿੰਸੀਪਾਲ ਪ੍ਰਿਥੀਪਾਲ ਸਿੰਘ ਕਪੂਰ |
| ਕੀ ਇਹ ਸਿੱਖੀ ਹੈ ? (ਕਵਿਤਾ) | ੨੦ | ਗਿਆਨੀ ਗੋਪਾਲ ਸਿੰਘ ਮਿੱਤਰ |
| ਚਰਨ ਕਮਲ ਕੀ ਮਉਜ (੨) | ੨੧ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕਾਹੇ ਜਗਿ ਆਏ ਰਾਮ ਰਾਜੇ (੫) | ੨੫ | ਸੂਬੇਦਾਰ ਧਰਮ ਸਿੰਘ ਜੀ |
| ਜਿਨ੍ਹਾਂ ਧਰਮ ਹੇਤ ਸੀਸ ਦਿਤੇ | ੨੭ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਪਾਠ ਛੇਤੀ ਛੇਤੀ ਜਾਂ ਹੌਲੀ ਹੌਲੀ ? | ੨੯ | -- -- -- |
| ਪਾਪ ਪੁੰਨੁ ਜੋ ਬੀਜਦੇ...... | ੩੩ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਇਕਿ ਗਾਵਹਿ ਰਾਗ ਪਰੀਆਂ ਰਾਗਿ ਨ ਭੀਜਈ | ੩੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਿਖ ਧਰਮ ਵਿਚ ਸ਼ਹੀਦੀ ਦਾ ਸਥਾਨ | ੩੮ | ਡਾ: ਗੋਬਿੰਦ ਸਿੰਘ ਮਨਸੁਖਾਨੀ |


ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ ਜੋਤਿ (ਸ਼ਹੀਦੀ) ੭ ਜੂਨ
ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਵਤਾਰ ਧਾਰਿਆ ੨੦ ਜੂਨ

**ਮਾਤਾ ਗੁਰਨਾਮ ਕੌਰ ਜੀ ਨਮਿਤ ਸ੍ਰੀ ਅਖੰਡਪਾਠ**—ਮਾਤਾ ਗੁਰਨਾਮ ਕੌਰ ਜੀ ਪਤਨੀ ਗਿਆਨੀ ਹਜ਼ਾਰਾ ਸਿੰਘ ਜੀ ਡੀ.ਐਸ.ਪੀ. (ਰੀ:), ਸਿਵਲ ਲਾਈਨ ਗੁਰਦਾਸਪੁਰ, ਜੋ ਵੀਰਵਾਰ 11.5.89 ਨੂੰ ਗੁਰੂ ਕੇ ਹੁਕਮ ਵਿਚ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੀ ਅੰਤਮ ਯਾਦ ਵਿਚ ਮਿਤੀ 20.5.89 ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪਏ ਅਤੇ 12 ਵਜੇ ਤਕ ਕੀਰਤਨ ਦੁਆਰਾ ਵਿਛੜੀ ਰੂਹ ਨੂੰ ਅਸੀਸੜੀਆਂ ਦਿਤੀਆਂ ਗਈਆਂ ।

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਮੋਹਣ ਸਿੰਘ, ਸ੍ਰੀ ਨਗਰ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੦-੦੦ |
| ਵੀ. ਐਸ. ਛਾਬੜਾ, ਦਿਲੀ | ,, ,, | ੩੦੦-੦੦ |
| ਗੁਪਤ ... ... | ,, ,, | ੪੨-੦੦ |
| ਸ: ਜੋਧ ਸਿੰਘ ਮਹਿੰਦਰ ਸਿੰਘ, ਅਹਿਮਦਾਬਾਦ | ,, ,, | ੨੫-੦੦ |
| ਸ: ਜਗਜੀਤ ਸਿੰਘ, ਰੋਪੜ | ਬੱਚੀ ਸੁਰਿੰਦਰ ਕੌਰ ਦੇ ਅਨੰਦ ਦੀ ਖੁਸ਼ੀ ਵਿਚ | ੧੦੧-੦੦ |
| ਸ: ਜਸਵਿੰਦਰ ਸਿੰਘ, ਰੋਪੜ | ਸ: ਜਸਵਿੰਦਰ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੫੦-੦੦ |
| ਸ: ਪ੍ਰਿਥੀਪਾਲ ਸਿੰਘ, ਡਡਲੀ ਯੂ, ਕੇ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੪੦੦-੦੦ |
| ਸ: ਹਰਬੰਸ ਸਿੰਘ, ਚੰਡੀਗੜ੍ਹ | ਕਾਕਾ ਗੁਰਪਾਲ ਸਿੰਘ ਦਾ ਬੀ: ਇੰਦਰਪਾਲ ਕੌਰ ਨਾਲ ਅਨੰਦ ਸਮੇਂ | ੧੫੦-੦੦ |
| ਬੀਬੀ ਅਬਨਾਸ਼ ਕੌਰ, ਲੰਡਨ | 'ਸੂਰਾ' ਦੀ ਚੜ੍ਹਦੀ ਕਲਾ ਲਈ | ੫੦-੦੦ |
| ਗੁਪਤ ਸੇਵਾ ... ... ... | ,, ,, | ੨੫੦-੦੦ |
| ਭਾਈ ਸੂਰਤ ਸਿੰਘ ਪੂਰਨ ਜੀ.ਅੰਮ੍ਰਿਤਸਰ | ਬੀਬੀ ਤਰਨਜੋਤ ਕੌਰ ਦੇ ਅਨੰਦ ਦੀ ਖੁਸ਼ੀ ਸਮੇਂ ਚੜ੍ਹਾਵਾ ਤੇ ਸਹਾਇਤਾ | ੫੧[illegible]-੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧-੬-੮੯ ਨੂੰ ਪ੍ਰਕਾਸ਼ਤ ਕੀਤਾ ।



www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-0 |
| Air Mail | 100-0 |

ਅਮਾਨਤੀ
ਲਾਈਫ਼ ਮੈਂਬਰ

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਜੂਨ ੧੯੯੯ ਅੰਕ ੬


## ਗੁਰ ਅਰਜਨ ਵਿਟਹੁ ਕੁਰਬਾਣੀ

ਰਹਿੰਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ ॥
ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ ॥
ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ ॥
ਚਰਨ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ ॥
*ਗੁਰ ਉਪਦੇਸੁ ਨ ਵਿਸਰੇ ਬਾਬੀਹੇ ਜਿਉ ਆਖਿ ਵਖਾਣੀ ॥
ਗੁਰਮੁਖਿ ਸੁਖ ਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ ॥
ਗੁਰ ਅਰਜਨ ਵਿਟਹੁ ਕੁਰਬਾਣੀ ॥੨੩॥

[ਭਾਈ ਗੁਰਦਾਸ ਜੀ, ਵਾਰ ੨੪

* ਜਿਵੇਂ ਪਪੀਹਾ ਸਵਾਂਤੀ ਬੂੰਦ ਲਈ ਲਗਾਤਾਰ ਰਟ ਲਾਈ ਰਖਦਾ ਹੈ, ਇਵੇਂ ਹੀ ਸਤਿਗੁਰੂ ਜੀ ਨੂੰ ਗੁਰ-ਉਪਦੇਸ, ਗੁਰ-ਮੰਤ੍ਰ, ਨਾਮ-ਜਾਪ ਦੀ ਲਗਾਤਾਰੀ ਰਟ ਨਹੀਂ ਵਿਸਰਦੀ।



www.AKJ.Org

# ਸ਼ਾਂਤ-ਬੀਰਤਾ ਦੇ ਸੱਚੇ ਅਵਤਾਰ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ਼ਾਂਤੀ ਸ਼ਾਂਤੀ ਸਭ ਪੁਕਾਰਦੇ ਹਨ, ਪਰ ਇਨ੍ਹਾਂ ਸ਼ਾਂਤੀ ਪੁਕਾਰਨਹਾਰਿਆਂ ਨੂੰ ਸ਼ਾਂਤੀ ਦੀ ਸਾਰ ਨਹੀਂ। ਹਾਂ ਜੀ, ੀ ਸ਼ਾਂਤੀ ਦੀ ਸੱਚੀ ਸਾਰ ਨਹੀਂ। ਸ਼ਾਤੀ ਦੀਆਂ ਡੀਂਗਾਂ ਸਾਰੇ ਹੀ ਮਾਰਦੇ ਹਨ, ਪਰ ਇਨ੍ਹਾਂ ਡੀਂਗ-ਮਾਰੂਆਂ ਨੂੰ ੀ ਦੀ ਕਦਰ-ਪਰਖਾਰ ਨਹੀਂ। ਹੋਵੇ ਵੀ ਕਿਕੂੰ ? ਇਨ੍ਹਾਂ ਦੇ ਅੰਦਰ ਸ਼ਾਂਤੀ, ਸੱਚੀ ਸ਼ਾਂਤੀ ਵਾਪਰੀ ਹੀ ਨਹੀਂ।

ਤੱਤ-ਸ਼ਾਂਤੀ, ਦਿਬ-ਲਤੀਫ਼-ਕ੍ਰਾਂਤ ਆਤਮ-ਵਥੁ ਹੈ। ਮਾਨਸਕ ਸ਼ਾਂਤੀ ਬੁਧਾਂਤਕ ਸ਼ਾਂਤੀ ਤੋਂ ਨਿਆਰੀ, ਅਤਿ ਾਰੀ ਔਰ ਪ੍ਰਮਾਰਥੀ ਤੱਤ-ਵਿਲੱਖਣੀ ਸ਼ੈ ਹੈ, ਬਿਚੱਖਣੀ ਵਸਤੂ ਹੈ। ਜਿਨ੍ਹਾਂ ਨੇ ਆਪਾ ਪਰਬੋਧਿਆ ਨਹੀਂ, ਸੂਖਸਮ ਸੂਖਸਮ ਹਉਮੈ ਰੋਗ ਦੀ ਅੰਸ ਨੂੰ ਨਿਰੋਧਿਆ ਨਹੀਂ, ਤਿਨ੍ਹਾਂ ਨੂੰ ਸੱਚੀ ਸ਼ਾਂਤ ਤੱਤ ਵਥੁ ਦਾ ਇਕ ਰਿਜਮ ਰਾਈ ਰ ਵੀ ਅਹਿਸਾਸ ਨਹੀਂ ਹੁੰਦਾ, ਅਤੇ ਇਸ ਹਉਮੈ-ਅੰਸ ਦਾ ਨਿਰੋਧ ਉਦੋਂ ਤਾਈਂ ਨਹੀਂ ਹੁੰਦਾ, ਉੱਕਾ ਹੀ ਂ ਹੁੰਦਾ ਜਦੋਂ ਤਾਈਂ ਨਾਮ ਦੀ ਕਣੀ, ਸੱਚੇ ਨਾਮ-ਗੁਰਮਤਿ ਦੀ ਕਣੀ ਆਪੇ ਅੰਦਰ ਪਰਵੇਸ਼ ਨਹੀਂ ਹੁੰਦੀ ਅਤੇ ਬਿਧ ਆਪੇ ਦਾ ਅਭਾਵ ਨਹੀਂ ਹੁੰਦਾ, ਆਪੇ ਦੇ ਸਾਰੇ ਸਿਆਪੇ ਨਹੀਂ ਮੁਕ ਜਾਂਦੇ। ਆਪੇ ਨੂੰ ਚੀਨ ਕੇ ਅਨਾਤਮ ਨੂੰ ਪ੍ਰਮਾਤਮ-ਵਿਗਸਾਪੇ ਵਿਚ ਲੀਨ ਕੀਤੇ ਬਿਨਾ ਆਪਾ-ਭ੍ਰਮਾਪੇ ਦੀ ਕਾਈ, ਹਉਮੈ-ਅੰਸ ਕਾਈ ਨਹੀਂ ਮਿਟਦੀ, ਮਾਤਰ ਨਹੀਂ ਮਿਟਦੀ। ਅਤੇ ਇਸ ਮਿਟੀ ਬਿਨਾਂ ਸ਼ਾਂਤੀ, ਸੱਚੀ ਸ਼ਾਂਤੀ ਨਹੀਂ ਹੁੰਦੀ।

ਦੇਹ-ਅਧਿਆਸ, ਦੇਹੋਂ ਬਦੇਹ ਹੋਣਾ, ਸ਼ਾਂਤੀ ਮੁਜੱਸਮੀ ਰੂਹੜੀ ਦਾ ਇਕ ਕ੍ਰਿਣ ਕਿੰਚਤੀ ਚਮਤਕਾਰਾ ਹੈ, ਸ਼ਾਂਤ-ਕ੍ਰਾਂਤ-ਠਰੂਰਨੀ ਠਰਾਰਾ ਅਰੰਭ ਹੁੰਦਾ ਹੈ। ਨਾਮ ਦੀ ਅਮੋਘ ਠਾਰ ਨਾਲ ਠਰੀਆਂ ਹੋਈਆਂ ਰੂਹਾਂ, ਨਾਮ-ਤੇ-ਰਸ ਦੀ ਜੀਰਾਂਦ ਹੋਈਆਂ ਜਿੰਦੜੀਆਂ, ਜੋਤਿ-ਵਿਗਾਸੀ ਨਿਘਾਸ ਵਿਚ ਸਰਸ਼ਾਰ ਹੋ ਕੇ ਸੱਚੀ ਸ਼ਾਂਤੀ ਦਾ ਾਦ, ਵਿਸਮਾਦ-ਮਈ ਆਨੰਦ ਮਾਣ ਸਕਦੀਆਂ ਹਨ। ਇਸ ਰਸ-ਵਿਸਮਾਦੀ ਮੌਜ ਪਦ ਔਜ ਨੂੰ ਪ੍ਰਾਪਤ ਤਨ-ਤਸੀਹੇ ਭਾਵੇਂ ਕਿਤਨੇ ਭੀ ਤੀਖਣ ਮਿਲਨਿ, ਸ਼ਾਂਤ-ਸੁਰਤਿਆਂ ਦੀ ਬਿਰਤੀ ਅਸ਼ਾਂਤ ਨਹੀਂ ਹੁੰਦੀ, ਸ਼ਾਂਤ ਤ ਵਰਤੀ ਰਹਿੰਦੀ ਹੈ। ਜਗਤ-ਪ੍ਰਸਿਧ ਨਖਿਧ ਸ਼ਾਂਤੀ ਕਿਸੇ ਲੇਖੇ ਨਹੀਂ। ਇਹ ਅਸ਼ਾਂਤੀ ਹੈ, ਸ਼ਾਂਤੀ ਨਹੀਂ। ਨ, ਬਚਨ, ਕਰਮ ਕਰਕੇ ਅੰਦਰੇ ਅਸਥਿਰਤ, ਅੰਤਰ ਆਤਮੇ ਸੰਚਿਰਤ ਹੋਈ ਵੀ ਸ਼ਾਂਤੀ ਹੀ ਅਸਲ ਸ਼ਾਂਤੀ ਹੈ। ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ,ਪੂਰਨ ਹੋਇ ਤ੍ਰਿਪਤਾਨੀ''* ਦੀ ਆਤਮ-ਅਵਸਥਾ ਵਾਲੀ ਸ਼ਾਂਤੀ ਤੱਤ-ਸ਼ਾਂਤੀ ੋਇ ਜੁ ਬੀਚਿ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ''*ਗੁਰਵਾਕ ਦੇ ਭਾਵ ਵਾਲਾ ਅਭਾਵ, ਸੱਚ-ਆਪਾ-ਹੈ। ''ਬੇਪਰਵਾਹ ਸਦਾ ਰੰਗ ਹਰਿ ਕੈ ਜਾ ਕੋ ਪਾਖ ਸੁਆਮੀ''† ਦੇ ਗੁਰਵਾਕੀ ਔਜ ਦੀ ਮੌਜ ਵਾਲਾ ਜੀਉੜਾ ਤੇ ਰਸ ਦੀ ਜੀਰਾਂਦ ਨੂੰ ਜਰ ਸਕਦਾ ਹੈ ਅਤੇ ਇਸ ਆਤਮ-ਜੀਰਾਂਦ ਨੂੰ ਜਰਨ ਵਾਲਾ ਸ਼ਾਂਤ-ਬੀਰ ਜੋਧਾ ਹੀ ਰਮਾ ਅਖਵਾ ਸਕਦਾ ਹੈ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥ਧਨਾਸਰੀ ਮਹਲਾ ੫, ਪੰਨਾ ੬੭੦

ਰਮੇ, ਸੱਚੇ ਸੂਰਮੇ ਦੀ ਤਾਰੀਫ਼ ਹੈ, ਪਰੰਤੂ ਗੁਰਵਾਕ ਦੀ ਪਿਛਲੀ ਤੁਕ ਦੇ ਭਾਵ ਅਨੁਸਾਰ ਆਤਮ-ਜਿੱਤ ਰਮਾ ਸੋਈ ਹੋ ਸਕਦਾ ਹੈ, ਜੋ ਸਤਿਗੁਰੂ ਪੂਰੇ ਦਾ ਸਿਖ ਹੈ, ਜੋ ਸਗੁਰਾ ਸੱਚੇ ਗੁਰੂ ਵਾਲਾ ਗੁਰਮੁਖ ਹੈ, ਜਿਸ ਸਤਿਗੁਰ ਪੂਰਾ ਸ੍ਰੀ ਗੁਰੂ ਨਾਨਕ ਸੂਰਾ ਹੈ। ਜਿਸ ਦਾ ਗੁਰੂ ਸੱਚਾ ਸਤਿਗੁਰੂ ਨਹੀਂ, ਤਿਸ ਨਿਗੁਰੇ ਨਿਗੋਸਾਏ ਇਹ ਪਦ ਪ੍ਰਾਪਤ ਨਹੀਂ ਹੋ ਸਕਦਾ। ਸਿਖਾਂ ਗੁਰਸਿਖਾਂ ਉਤੇ ਹੀ ਇਹ ਬਰਕਤ ਹੁੰਦੀ ਹੈ। ਅਸਿਖ ਅਨਾੜੀਆਂ ਨੂੰ, ਆਤਮ-ਰੰਗੋਂ ਸਖਣੇ ਅਤੇ ਮਨਮੁਖਾਂ ਨੂੰ ਸ੍ਰੀ ਸਤਿਗੁਰੂ ਦੀ ਇਸ ਪਦ ਦੀ ਪ੍ਰਾਪਤੀ ਨਹੀਂ ਹੁੰਦੀ।

ਸ਼ਾਂਤ-ਬੀਰਤਾ ਮੈਦਾਨ ਵਿਚ ਜੂਝਣ ਦਾ ਫਿਰ ਦਾਊ-ਨੈਸ਼ਾਨੀ ਝੰਡਾ ਲਹਿਰਾਉਣ ਹਿਤ, ਗੁਰੂ ਨਾਨਕ ਪੰਚਮ ਿ ਤੀਨ ਕਾਲ ਅਰਜਨ ਸਾਹਿਬ ਜੀ ਨੇ ਪਹਿਲ ਕੀਤੀ ਅਤੇ ਆਉਣ ਵਾਲੀ ਪੰਥ-ਪਨੀਰੀ ਲਈ ਸ਼ਾਂਤ-ਰਸ-

ਰੀ ਮਹਲਾ ੫, ਪੰਨਾ ੬੭੧-੭੨ †ਟੋਡੀ ਮਹਲਾ ੫, ਪੰਨਾ ੭੧੧



www.AKJ.Org

ਬੀਰ ਜੀਰਾਂਦ ਦੇ ਸੱਚੇ ਪੂਰਨੇ ਪਾਏ। ਜੇਠ ਹਾੜ ਦੀ ਗਾਖੜੀ ਗ੍ਰੀਖਮ ਰੁਤੈਨੀ ਘਾਮ-ਗਰਮੀ ਪੈਂਦੀ ਹੈ, ਤਤੀਆਂ ਲੋਆਂ ਤਲਦੀਆਂ ਹਨ, ਕੜਕਦੀ ਧੁੱਪ ਵਿਚ ਜ਼ਾਲਮਾਂ ਦੀ ਭਖਾਈ ਹੋਈ ਅਗਨ-ਭੱਠੀ ਭੜਹੜ ਬਲਦੀ ਹੈ, ਅੰਗਾਰੇ ਵਾਂਗੂ ਤਪਦੀ ਲੋਹ ਉਤੇ ਚੌਂਕੜਾ ਮਾਰੀ ਅਚੱਲ ਸਮਾਧੀ ਵਿਚ ਦੀਨ ਦੁਨੀਆ ਦੇ ਵਾਲੀ, ਭਾਣਿਆਂ ਦੇ ਮਾਲਕ, ਉਸ਼ਨ ਸ਼ੀਤ ਨੂੰ ਸਮਸਰ ਕਰ ਜਾਨਣਹਾਰੇ ਸ੍ਰੀ ਸਤਿਗੁਰ ਪੰਚਮ ਪਾਤਸ਼ਾਹ ਜੀ ਬੈਠੇ ਹਨ, ਉਤੋਂ ਅੱਗ ਵਾਂਗੂ ਭਖਦੀਆਂ ਰੇਤਾਂ ਦੇ ਕੜਛੇ ਸੋਹਲ, ਕੋਮਲ ਤੇ ਨਗਨ ਸਰੀਰ ਉਤੇ ਭਰ ਭਰ ਕੇ ਧੜਾ ਧੜ ਪੈ ਰਹੇ ਹਨ, ਪਰ ਸ਼ਾਂਤ-ਬੀਰਤਾ ਦੇ ਮੁਜੱਸਮ ਦਾ ਆਸਣ ਅਚੱਲ ਹੈ। ਧੌਲ-ਧਰਮ ਦਾ ਸਿੰਘਾਸਨ ਡੋਲ ਗਿਆ, ਪਰ ਸਤਿਗੁਰਾਂ ਦਾ ਅਹਿਲ ਆਸਣ ਨਹੀਂ ਡੋਲਿਆ। ਏਥੇ ਹੀ ਬਸ ਨਹੀਂ, ਖੌਲਦੇ ਜਲ ਦਾ ਭਰਿਆ ਕੜਾਹ ਸਟੀਮ-ਭਾਫਾਂ ਛਡ ਰਿਹਾ ਹੈ, ਹੇਠਾਂ ਭੜਾ ਭੜ ਅਗਨੀ ਦੇ ਭਾਂਬੜ ਮਚ ਰਹੇ ਹਨ, ਇਸ ਮਚਦੇ ਉਬਲਦੇ ਨੱਕਾ-ਨੱਕ ਭਰੇ ਭਾਪ-ਸਟੀਮ-ਇੰਜਨੀ ਕੜਾਹੇ ਵਿਚ ਚੌਂਕੜੇ ਲਗੇ ਲਗਾਇਆਂ ਚਕ ਕੇ ਸਤਿਗੁਰਾਂ ਨੂੰ ਗਲ ਤਾਈਂ ਤ੍ਰਿਬੁਡ ਕੀਤਾ ਜਾਂਦਾ ਹੈ। ਮਿੰਟ ਨਹੀਂ, ਸਕਿੰਟ ਨਹੀਂ, ਘੜੀਆਂ ਘੰਟਿਆਂ ਬਧੀ ਇਸ ਉਬਲਦੀ ਦੇਗ਼ ਵਿਚ ਉਬਾਲਿਆ ਜਾਂਦਾ ਹੈ। ਕੀ ਮਜਾਲ, ਮੁਖੋਂ ਉਫ਼ ਤਕ ਵੀ ਨਿਕਲੀ ਹੋਵੇ, ਰਸਨਾ ਤੋਂ 'ਸੀ' ਤਕ ਵੀ ਉਚਰਣਤ ਹੋਈ ਹੋਵੇ। ਕਸੀਸ ਨਹੀਂ ਵਟੀ, ਅੱਖ ਨਹੀਂ ਪਟੀ, ਕੋਈ ਅੰਗ ਨਹੀਂ ਹਿਲਿਆ, ਰੋਮ ਨਹੀਂ ਫੜਕਿਆ; ਚੇਹਰੇ ਤੇ ਅਗੇ ਨਾਲੋਂ ਵੀ ਦੂਣ-ਸਵਾਇਆ ਜਲਾਲ ਹੈ। ਜੋਤਿ-ਜਮਾਲ ਦੀ ਉਹ ਅਵਧੀ ਹੈ ਕਿ ਦੇਖਣਹਾਰੇ ਝਾਲ ਨਹੀਂ ਝਲ ਸਕਦੇ। ਪਾਸ ਖੜੋਤੇ ਮੀਆਂ ਮੀਰ ਫ਼ਕੀਰ ਤ੍ਰਪ ਤ੍ਰਪ ਆਂਸੂ ਬਹਾ ਰਹੇ ਹਨ। ਜ਼ੁਲਮ ਦੀ ਅਤਿ ਵੇਖ ਕੇ ਗ਼ੈਜ਼ੋ-ਗਜ਼ਬ ਨਾਲ ਕੰਬ ਰਹੇ ਹਨ। ਇਸ ਦਰਦਨਾਕ ਨਜ਼ਾਰੇ ਨੂੰ ਦ੍ਰਵੀਭੂਤ ਹੋ ਕੇ ਦੇਖ ਰਹੇ ਹਨ ਅਤੇ ਅਤਿ ਅਧੀਨਗੀ ਸਹਿਤ ਬੇਨਤੀਆਂ ਕਰਿ ਕਰਿ ਗਗਨ-ਮੰਡਲਾਂ ਵਿਚ ਖੇਡ ਰਹੀਆਂ, ਦਸਮ ਦੁਆਰੇ ਪੁਜ ਰਹੀਆਂ ਸੁਰਤੀਸ਼ਰੀ ਤਾਣਾਂ ਤਰਬਾਂ ਨੂੰ ਹਿਲਾ ਹਿਲਾ ਕੇ ਜਗਾ ਰਹੇ ਹਨ–

"ਹੇ ਭਾਣੇ ਦੇ ਮਾਲਕਾ ! ਜ਼ੁਲਮ ਦੀ ਜਿਥੇ ਕੋਈ ਹੱਦ ਨਹੀਂ, ਉਥੇ ਭਾਣਾ ਮੰਨਣ ਦੀ ਤਾਂ ਕੋਈ ਹੱਦ ਹੋਣੀ ਚਾਹੀਦੀ ਹੈ। ਹੇ ਦੋ ਜਹਾਨ ਦੇ ਵਾਲੀਆ ! ਸਰਬ-ਕਲਾ ਸਮਰੱਥ ਸੱਚੇ ਪਾਤਸ਼ਾਹ ! ਤੇਰੇ ਹੱਥ ਵਿਚ ਸਭ ਕੁਛ ਹੈ। ਹੇ ਕਾਦਰਾ ! ਕੁਲ ਕਾਇਨਾਤ ਕੁਦਰਤ ਤੇਰੇ ਇਲਾਹੀ ਹੁਕਮ ਦੀ ਗੁਲਾਮ ਹੈ। ਹਰ-ਦੋ ਆਲਮ ਤੇਰੇ ਹੁਕਮਾਂ ਦੇ ਬੰਦੇ ਹਨ। ਹੇ ਸਰਬੱਗ ਪੁਰਖ ! ਤੇਰੀ ਗਹਿਣਗਤਿ ਤਾਂ ਅਪਰ ਅਪਾਰ ਹੈ; ਤੂੰ ਕਾਦਰੇ ਮੁਤਲਕ ਹੈਂ ਕਿ ਜ਼ਮੀਨ ਅਸਮਾਨ ਦੇ ਕਲਾਬੇ ਮਿਲਾ ਕੇ ਕਿਆਮਤ ਬਰਪਾ ਕਰ ਦੇਵੇਂ। ਮੈਂ ਆਪ ਦੇ ਦਰ ਦਾ ਇਕ ਟੁਕੜ-ਗਦਾਈ ਕੂਕਰ ਹਾਂ। ਮੈਨੂੰ ਹੁਕਮ ਕਰੋ, ਇਸ ਜ਼ਾਲਮ ਰਾਜ ਦਾ ਤਖ਼ਤਾ ਯਕ-ਦਮ ਉਲਟਾ ਦੇਵਾਂ, ਦਿਲੀ ਅਤੇ ਲਾਹੌਰ ਦੀਆਂ ਜ਼ੁਲਮੀ ਰਾਜਧਾਨੀਆਂ ਨੂੰ ਦੋਹੀਂ ਹਥੀਂ ਫੜ ਕੇ ਭਿੜਾ ਦੇਵਾਂ ਅਤੇ ਛਿਨ ਵਿਚ ਪਾਸ਼ ਪਾਸ ਕਰ ਦੇਵਾਂ।"

ਸ੍ਰੀ ਗੁਰੂ ਸਾਹਿਬ ਜੀ ਸੁਰਤਿ-ਮਗਨਾਈਆਂ ਸਮਾਧੀਆਂ ਤੋਂ ਸਾਵਧਾਨ ਹੋ ਕੇ ਪ੍ਰੇਮ-ਕਸਾਈਆਂ ਇਲਾਹੀ ਇਸ਼ਕ-ਹੁਲਸਾਈਆਂ ਅੱਖੀਆਂ ਨੂੰ ਖੋਲ੍ਹ ਕੇ ਹੱਸ-ਵਿਗਸਣੇ ਮਿਠੜੇ ਸ਼ਾਂਤ-ਬੋਲ ਬੋਲ ਕੇ ਮੀਆਂ ਮੀਰ ਜੀ ਨੂੰ ਸੰਬੋਧਨ ਸਹਿਤ ਪਰਬੋਧਦੇ ਹਨ–ਪਿਆਰਿਆ ਅਲਮਸਤ ਫ਼ਕੀਰਾ ! ਖ਼ੁਦਾ-ਪ੍ਰਸਤੀ ਦੇ ਇਸ਼ਕ ਦਿਆ ਅਸੀਰਾ ! ਰੱਬੀ ਰਹਿਮਤ ਦਿਆ ਹੱਕ-ਸ਼ਿਨਾਸ ਮੀਰਾਂ ਮ਼ੀਰ ! ਤੈਨੂੰ ਆਪਣੀ ਨਿਜ ਪਾਕ-ਬਾਜ਼ੀ ਉਤੇ ਬੜਾ ਨਾਜ਼ ਹੈ, ਆਪਣੀ ਰੂਹਾਨੀ ਤਾਕਤ-ਤ੍ਰਾਣ ਉਤੇ ਬੜਾ ਮਾਣ ਹੈ, ਪਰ ਹੁੰਦੇ ਤਾਣ ਨਿਤਾਣਾ ਹੋਣਾ ਅਤੇ ਹੁੰਦੇ ਮਾਣ ਨਿਮਾਣਾ ਹੋਣਾ ਭੀ ਆਪ ਜਿਹੇ ਰੱਬੀ ਬੰਦਿਆਂ ਦਾ ਕੰਮ ਹੈ। ਮਹਾਂ ਪੁਰਖਾ ! ਅਜਰ ਨੂੰ ਜਰਨਾ ਹੀ ਤੈਨੂੰ ਸੋਭਦਾ ਹੈ। ਵਸਤੂ ਵੱਡੀ ਹੈ, ਭਾਂਡਾ ਛੋਟਾ ਹੈ, ਸੰਭਾਲ ਕੇ ਰਖ। ਸਾਨੂੰ ਧੁਰ-ਏਜ਼ਦੀ ਹੁਕਮ ਹੀ ਐਸਾ ਹੈ ਕਿ ਸਰੀਰ ਰੂਪੀ ਭਾਂਡੇ ਨੂੰ ਮਿਠੇ ਭਾਣਿਆਂ ਅੰਦਰ ਹੀ ਭੰਨ-ਤੋੜ ਦੇਣਾ ਹੈ, ਠੀਕਰਾ ਫੋੜ ਦੇਣਾ ਹੈ ! ਭਾਣਾ ਅਮਿਟ ਹੈ ! ਹੁਕਮਾਂ ਦੀ ਕਾਰ ਹੈ ! ਤੁਸੀਂ ਆਪੇ ਤੋਂ ਬਾਹਰ ਨਹੀਂ ਹੋਣਾ ! ਦੇਖੋ ਕਰਤਾਰ ਦੇ ਰੰਗ ! ਸ਼ਕਤੀ ਕਰਾਮਾਤ ਦਿਖਾਉਣਾ ਜਣਾਉਣਾ ਭਗਤੀ ਮਾਰਗ ਤੋਂ ਬਹੁਤ ਉਰੇਡੇ ਹੈ। ਰਹਿਮਤ ਦੇ ਘਰ ਵਿਚ ਆਓ, ਖ਼ਲਕਤ ਖ਼ੁਦਾਈ ਤੇ ਕਹਿਰ ਬਰਪਾ ਕਰਨਾ ਖ਼ੁਦਾਈ ਬੰਦਿਆਂ ਦਾ ਕੰਮ ਨਹੀਂ। ਅਸੀਂ ਗੁਰਬਾਣੀ ਨਮਿਤ ਕੁਰਬਾਨੀ ਦੇ ਹਵਨ-ਕੁੰਡ ਵਿਚ ਖਿੜੇ ਮਥੇ ਅਹੂਤੀ ਦੇਣੀ ਹੈ, ਬਰ ਜ਼ਰੂਰ ਦੇਣੀ ਹੈ। ਪਰਮਾਤਮਾ ਨੇ ਭਗਤੀ ਦੀਆਂ ਜੜ੍ਹਾਂ ਪਤਾਲ ਵਿਚ ਲਾ ਦੇਣੀਆਂ ਹਨ। ਧੁਰ ਕੀ ਆਈ ਬਾਣੀ ਦੇ ਬੋਹਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰ-ਪਦਵੀ ਦੀ ਅਸਥਿਤੀ ਦਾ ਅਰੰਭ ਰਚਣਾ ਹੈ, ਤਾਂ ਜੁ ਕਲਜੁਗੀ ਜੀਵਾਂ ਦਾ ਜੁਗੋ ਜੁਗ ਉਧਾਰ ਹੁੰਦਾ ਰਹੇ।

'ਅਕਾਲੀ' ਲਾਹੌਰ, ੩ ਜੂਨ ੧੯੪੬

www.AKJ.Org

# ਲਾਸਾਨੀ ਕੁਰਬਾਨੀ ਪੰਜਵੇਂ ਨਾਨਕ ਦੀ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿਲੀ]

ਹਰੇਕ ਮੌਤ ਸ਼ਹਾਦਤ ਨਹੀਂ ਹੁੰਦੀ। ਅਖੌਤੀ ਸਮਾਜਕ ਨੇਤਾ ਜਾਂ ਰਾਜਨੀਤਕ ਲੀਡਰ ਦੀ ਗ਼ੈਰ-ਕੁਦਰਤੀ ਮ੍ਰਿਤੂ ਨੂੰ ਸ਼ਹਾਦਤ ਦਾ ਦਰਜਾ ਦੇਣਾ, ਸੱਚੇ ਸ਼ਹੀਦਾਂ ਦੀ ਆਤਮਾ ਨੂੰ ਠੇਸ ਪਹੁੰਚਾਣਾ ਹੈ। ਭੈ-ਭੰਜਨ ਪਰ-ਪੀਰ-ਨਿਵਾਰਨ ਵਾਲਾ ਸੂਰਮਾ ਹੀ ਹਰਿ-ਦਰਗਹ ਵਿਚ ਪਰਵਾਨ ਹੁੰਦਾ ਹੈ। ਉਹ ਧੀਰਜ, ਅਗੰਮੀ ਖੇੜੇ, ਸਹਿਨਸ਼ੀਲਤਾ, ਗੰਭੀਰਤਾ, ਸੱਤਵਾਦ ਆਦਿਕ ਦੈਵੀ ਗੁਣਾਂ ਦਾ ਮੁਜੱਸਮ ਹੁੰਦਾ ਹੈ। ਐਸੇ ਮਹਾਨ ਸ਼ਹੀਦ, ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ, ਸ਼ਹੀਦਾਂ ਦੇ ਸਿਰਤਾਜ ਹਨ, ਜਿਨ੍ਹਾਂ ਦੀ ਅਦੁੱਤੀ ਕੁਰਬਾਨੀ ਨੇ ਮਰਨ-ਜਾਚ ਤੇ ਜੀਵਨ-ਜੁਗਤੀ ਦੀ ਅਮੁੱਲ ਬਖ਼ਸ਼ਸ਼ ਪਰਦਾਨ ਕਰ ਕੇ ਗੁਰਸਿੱਖ ਨੂੰ ਸੰਸਾਰ ਦੇ ਇਤਿਹਾਸ ਵਿਚ ਨਿਵੇਕਲਾ ਅਸਥਾਨ ਦਿੱਤਾ ਹੈ।

ਸ਼ਹਾਦਤ ਦੀ ਨਿਰਪੱਖ ਕਸੌਟੀ ਲਈ ਤਿੰਨ ਵਿਸ਼ੇਸ਼ ਪਹਿਲੂਆਂ ਵਲ ਧਿਆਨ ਦੇਣਾ ਉਚਿਤ ਹੋਵੇਗਾ–

(1) ਸ਼ਹਾਦਤ ਦੇ ਕਾਰਨ ਤੇ ਉੱਦੇਸ਼।

(2) ਆਪਾ ਵਾਰਨ ਸਮੇਂ ਮਨ ਦੀ ਅਵਸਥਾ।

(3) ਸ਼ਹਾਦਤ ਦਾ ਪ੍ਰਭਾਵ।

ਪਰਉਪਕਾਰੀ ਭਾਵਨਾ ਵਾਲੇ, ਬਚਨ ਦੇ ਬਲੀ ਤੇ ਕਰਨੀ ਦੇ ਪੂਰੀ ਗੁਰੂ ਅਰਜਨ ਦੇਵ ਜੀ ਦੇ ਆਤਮਕ ਜੀਵਨ ਤੇ ਰੱਬੀ ਉਪਦੇਸ਼ ਨੇ ਨਿਰਜਿੰਦ, ਕਾਇਰ, ਬੁਜ਼ਦਿਲ ਰੂਹਾਂ ਵਿਚ, ਅਣਖ ਭਰਪੂਰ ਜੀਵਨ ਜੀਣ ਦੀ ਲਾਲਸਾ ਬਖ਼ਸ਼ੀ। ਪਾਰਸਮਈ ਛੋਹ ਨੇ ਨਾ-ਕੇਵਲ ਹਿੰਦੂਆਂ ਦੀ ਹੀ ਆਤਮਾ ਨੂੰ ਪੱਕੇ ਨਾਮ-ਮਜੀਠੀ ਰੰਗ ਨਾਲ ਰੰਗਿਆ, ਬਲਕਿ ਕਦਰਦਾਨ ਮੁਸਲਮਾਨਾਂ ਨੂੰ ਵੀ ਆਪਣੇ ਗਿਆਨ-ਉਪਦੇਸ਼ ਦਾ ਸ਼ਰਧਾਲੂ ਬਣਾਇਆ। ਨਾਮ ਦੀ ਖ਼ੁਸ਼ਬੂ ਨੇ ਕਾਠ-ਕਠੂਲੇ ਹਿਰਦਿਆਂ ਵਿਚ ਚੰਦਨ ਵਤ ਮਹਿਕ ਭਰ ਦਿੱਤੀ। ਇਲਾਹੀ ਜੋਤਿ ਨੇ ਅੰਧਕਾਰ ਕੋਠੜੀਆਂ ਨਾਮ-ਪ੍ਰਕਾਸ਼ ਨਾਲ ਜਗਮਗਾ ਦਿੱਤੀਆਂ। ਅਲਪੱਗ ਜੀਵ ਅਸਮ੍ਰਥ ਹੈ, ਕੀ ਕਹੇ। ਗੁਰਬਾਣੀ ਆਪ ਹੀ ਪਾਵਨ ਉਦੇਸ਼ ਨੂੰ ਨਿਖਾਰ ਕੇ ਰੂਪਮਾਨ ਕਰਦੀ ਹੈ–

> ਜ਼ਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਕਾਰੀ ਆਏ ॥
> ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥੫੪॥ (ਸੂਹੀ ਮ: ੫–੭੪੯)

ਰੋਗੀਆਂ ਦੇ ਰੋਗ ਦੂਰ ਕਰਨੇ, ਕੋਹੜੀਆਂ ਦੀ ਕਾਇਆਂ ਕੁੰਦਨ ਬਣਾਉਣੀ, ਸੁੱਕੀਆਂ ਧਰਤੀਆਂ ਨੂੰ ਸਿੰਚਣ ਲਈ ਖੂਹ ਲਗਾਉਣੇ, ਬਿਧੀ ਚੰਦ ਵਰਗੇ ਚੋਰਾਂ ਡਾਕੂਆਂ, ਲੁਟੇਰਿਆਂ ਦੀ ਵਿਪਰੀਤ ਬੁੱਧੀ ਦੇ ਅਉਗੁਣ ਮਿਟਾਉਣੇ, ਪਰਉਪਕਾਰ ਦੇ ਪਰਤੱਖ ਪ੍ਰਗਟਾਵੇ ਸਨ। ਜਿਵੇਂ ਉੱਲੂ ਨੂੰ ਸੂਰਜ ਨਹੀਂ ਭਾਉਂਦਾ, ਸਾਕਤਾਂ ਨੂੰ ਸ਼ਬਦ ਨਹੀਂ ਭਾਉਂਦਾ, ਗੱਧੇ ਨੂੰ ਸੁਗੰਧੀ ਨਹੀਂ ਸੁਖਾਉਂਦੀ, ਤਿਵੇਂ ਹੀ ਬਾਦਸ਼ਾਹਾਂ ਨੂੰ ਮਹਾਂ ਪੁਰਖਾਂ ਦੀ ਪਰਸਿੱਧੀ ਨਹੀਂ ਭਾਉਂਦੀ। ਤੁਅੱਸਬੀ ਜਹਾਂਗੀਰ ਦੇ ਮਨ ਵਿਚ ਈਰਖਾ, ਜਲਨ ਤੇ ਵਿਰੋਧਤਾ ਦਾ ਜਜ਼ਬਾ ਪੈਦਾ ਹੋਣਾ ਸੁਭਾਵਕ ਸੀ। ਹਕੀਕਤ ਤਾਂ ਇਹ ਹੈ ਕਿ ਕਪਟ, ਮਲ, ਧੋਖਾ, ਘ੍ਰਿਣਾ ਤੇ ਬੇਇਨਸਾਫ਼ੀ ਦੀ ਬੁਨਿਆਦ ਤੇ ਉਸਰੀ ਹਕੂਮਤ ਨਾ ਤਾਂ ਜਨਤਾ ਦੇ ਦਿਲ ਵਿਚ ਰਾਜ ਕਰ ਸਕਦੀ ਹੈ, ਤੇ ਨਾ ਹੀ ਹੋਰ ਕਿਸੇ ਨੂੰ ਰਾਜ ਕਰਨ ਦੇਂਦੀ ਹੈ।

ਗੁਰੂ ਸਾਹਿਬ ਦੀਆਂ ਨਜ਼ਰਾਂ ਵਿਚ 'ਨਾ ਕੋ ਬੈਰੀ ਨਹੀ ਬਿਗਾਨਾ'* ਸੀ। ਹਿੰਦੂ-ਮੁਸਲਮਾਨ, ਅਮੀਰ-ਗਰੀਬ, ਆਪਣੇ-ਬਿਗਾਨੇ, ਛੋਟੇ-ਵੱਡੇ, ਸਾਧ-ਚੋਰ ਦੇ ਵਿਤਕਰਿਆਂ ਤੋਂ ਉਹ ਬੇਲਾਗ ਸਨ। ਮੀਆਂ ਮੀਰ ਵਰਗੇ ਪਹੁੰਚੇ ਹੋਏ ਫ਼ਕੀਰ ਆਪ ਤੋਂ ਕੁਰਬਾਨ ਜਾਂਦੇ ਸਨ। ਨਿਰਮਲ-ਜੋਤਿ-ਅਪਾਰੀ ਦੇ ਮੁਖੜੇ ਤੋਂ ਭਖਦੀ ਨਾਮ-ਖੁਮਾਰੀ ਦੇ ਦੀਦਾਰ ਤੋਂ ਕੌਣ ਨਹੀਂ ਸੀ ਪ੍ਰਭਾਵਤ ਹੁੰਦਾ? ਆਪ ਜੀ ਦੇ ਅੱਖ ਦੇ ਇਸ਼ਾਰੇ ਉੱਤੇ 'ਪ੍ਰੇਮ ਖੇਲਣ ਕਾ ਚਾਉ'† ਰੱਖਣ ਵਾਲੀਆਂ ਅਨੇਕਾਂ ਰੂਹਾਂ ਤੱਤਪਰ ਤਿਆਰ ਰਹਿੰਦੀਆਂ ਸਨ। ਦੂਸਰੇ ਪਾਸੇ ਜਹਾਂਗੀਰ ਦੀਆਂ ਅੱਖੀਆਂ, ਨਸ਼ੇ ਹਕੂਮਤ ਵਿਚ

*ਕਾਨੜਾ ਮ: ੫, ਪੰਨਾ ੧੨੯੯/੧੫ †ਸਲੋਕ ਮ: ੧, ਪੰਨਾ ੧੪੧੨/੨


www.AKJ.Org

ਮੱਤੀਆਂ, ਲਬ ਲੋਭ ਹੰਕਾਰ ਵਿਚ ਅੰਨ੍ਹੀਆਂ, ਗੁਰੂ ਨਾਨਕ ਰੱਬੀ ਜੋਤਿ ਦੀ ਆਭਾ, ਚਮਕ ਦਮਕ ਨੂੰ ਵੇਖ ਨਹੀਂ ਸਕੀਆਂ।

ਜਹਾਂਗੀਰ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਇਕ ਝੂਠੀ ਦੁਕਾਨ ਸੀ ਤੇ ਉਹ ਕਾਫ਼ੀ ਦੇਰ ਤੋਂ ਇਸ ਦੁਕਾਨ ਨੂੰ ਬੰਦ ਕਰਨ ਲਈ ਕਿਸੇ ਯੋਗ ਅਵਸਰ ਦੀ ਤਲਾਸ਼ ਵਿਚ ਸੀ। ਸੱਚ ਦੀ ਨੀਂਵ ਉਤੇ ਬਣਾਏ ਗੁਰਸਿੱਖੀ ਮਹਿਲ ਨੂੰ ਖ਼ਤਮ ਕਰਨਾ, ਉਸ ਬੇਚਾਰੇ ਦੀ ਕੀ ਵੱਸ ਸੀ? ਭਾਵੇਂ ਇਹ ਦੁਕਾਨ ਹੀ ਸੀ, ਤੇ ਹੁਣ ਵੀ ਉਹੋ ਦੁਕਾਨ ਹੈ, ਜਿਸ ਦਾ ਨਾਮ ਗੁਰਬਾਣੀ ਵਿਚ 'ਹੱਟ' ਲਿਖਿਆ ਹੈ–

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥
ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ।੨॥੧੦॥ (ਵਾਰ ਸੋਰਠਿ ੪, ਮ: ੩–੬੪੬)

ਨਿਰਦੋਸ਼ ਦਾ ਕਤਲ ਬੇਇਨਸਾਫ਼ੀ ਤੇ ਜ਼ੁਲਮ ਦਾ ਰੂਪ ਤਾਂ ਹੋ ਸਕਦਾ ਹੈ, ਪਰ ਉੱਚੇ ਦਰਜੇ ਦੀ ਕੁਰਬਾਨੀ ਨਹੀਂ। ਗੁਰੂ ਅਰਜਨ ਸਾਹਿਬ ਭਲੀ ਭਾਂਤ ਜਾਣਦੇ ਸਨ ਕਿ ਨਿਤਾਣੀ ਹਿੰਦੂ ਪਰਜਾ ਨੂੰ ਨਿਰਭਉ ਅਕਾਲ ਪੁਰਖ ਨਾਲ ਜੋੜ ਕੇ ਨਿਰਭਉ ਬਣਾਉਣਾ, ਅਤਿਆਚਾਰ ਦੀ ਭਾਵਨਾ ਦਾ ਅਹਿਸਾਸ ਕਰਾਉਣਾ, ਫੋਕਟ ਧਰਮ ਤੋਂ ਕਰਮ ਨੂੰ ਉਚਿਆਉਣਾ, ਗਰੀਬ ਕਿਰਤੀਆਂ ਦੀਆਂ ਉਲਝਣਾਂ ਨੂੰ ਸੁਲਝਾਉਣਾ, "ਨਾ ਡਰਨਾ ਨਾ ਡਰਾਉਣਾ" ਦਾ ਉਪਦੇਸ਼ ਦੇਣਾ, ਭਵਸਾਗਰ ਨੂੰ ਪਾਰ ਕਰਨ ਲਈ ਗੁਰੂ ਗ੍ਰੰਥ ਸਾਹਿਬ ਬੋਹਿਥਾ ਤਿਆਰ ਕਰਨਾ ਜਹਾਂਗੀਰ ਨੂੰ ਸੱਪ ਵਾਂਗ ਡੱਸਦਾ ਹੈ, ਪਰ ਆਪ ਇਸ ਦੇ ਪ੍ਰਤੀਕਰਮ ਤੋਂ ਬੇਪਰਵਾਹ, ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਦੇ ਰਸਤੇ ਤੋਂ ਬਿਲਕੁਲ ਨਹੀਂ ਡਗਮਗਾਏ। ਆਪ ਜੀ ਨੇ ਭਗਤ ਕਬੀਰ ਜੀ ਦੇ ਬਚਨ–

ਕਹੁ ਕਬੀਰ ਸੁਖਿ ਸਹਜਿ ਸਮਾਵਉ ॥
ਆਪਿ ਨ ਡਰਉ ਨ ਅਵਰ ਡਰਾਵਉ ॥੩॥੧੭॥ (ਗਉੜੀ ਕਬੀਰ ਜੀ, ੩੨੭)

ਨੂੰ ਅਮਲੀ ਰੂਪ ਦੇ ਕੇ ਗੁਰਸਿੱਖਾਂ ਦੇ ਹਿਰਦੇ ਵਿਚ ਨਿਰਭੈਤਾ, ਦਲੇਰੀ, ਪੁਰਜ਼ਾ ਪੁਰਜ਼ਾ ਕੱਟ ਹੋਣ ਦੀ ਸਪਿਰਟ, ਦੀਨ ਦੁਖੀਆਂ ਦੀ ਖ਼ਾਤਰ ਸਿਰ ਤਲੀ ਤੇ ਰੱਖ ਕੇ ਪ੍ਰੇਮ ਨਿਭਾਉਣ ਦਾ ਜਜ਼ਬਾ ਕੁੱਟ ਕੁੱਟ ਕੇ ਭਰ ਦਿੱਤਾ।

ਗੁਰੂ ਅਰਜਨ ਦੇਵ ਜੀ ਦੀ ਰਹਿਮਤ ਦੀ ਅੰਮ੍ਰਿਤ ਵਰਖਾ ਹੁੰਦੀ ਸੁਣ ਸੁਣ ਕੇ ਅਭਿੱਜ ਪੱਥਰ-ਦਿਲ ਜਹਾਂਗੀਰ ਸੜ ਬਲ ਕੇ ਮਨੂਰ ਹੋ ਰਿਹਾ ਸੀ। ਖੁਸਰੋ ਨੂੰ ਰਾਜਨੀਤਕ ਪਨਾਹ ਤੇ ਅਸ਼ੀਰਵਾਦ ਦੇਣ ਦਾ ਨਿਰਮੂਲ ਦੋਸ਼ ਲਾ ਕੇ, ਮੁਜਰਮ ਦੀ ਹੈਸੀਅਤ ਵਿਚ ਲਾਹੌਰ ਵਿਚ ਸੱਦਣ ਦਾ ਹੁਕਮ ਸੁਣਾ ਦਿੱਤਾ। ਪੰਡਤਾਂ ਮੌਲਵੀਆਂ, ਗੁਰੂ ਘਰ ਦੇ ਧ੍ਰੋਹੀਆਂ, ਪ੍ਰਿਥੀਏ, ਚੰਦੂ, ਕਾਨ੍ਹੇ ਨੇ ਜਹਾਂਗੀਰ ਦੇ ਕੱਚੇ ਕੰਨ ਭਰ ਕੇ ਬਲਦੀ ਉੱਤੇ ਤੇਲ ਪਾਇਆ। ਹਜ਼ੂਰ ਨੇ ਗੁਰ-ਸਿੱਖਾਂ ਨੂੰ ਜੁਰਮਾਨਾ ਭਰਨ ਤੋਂ ਮਨ੍ਹਾ ਕੀਤਾ ਤੇ ਭਾਣਾ ਮਿੱਠਾ ਮੰਨਣ ਦਾ ਉਪਦੇਸ਼ ਦਿੱਤਾ। ਹਜ਼ੂਰ ਨੇ ਸਾਹਿਬਜ਼ਾਦਾ ਹਰਿ ਗੋਬਿੰਦ ਨੂੰ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਦਾ ਹੁਕਮ ਦੇ ਕੇ ਸ਼ਹਾਦਤ ਦਾ ਜਾਮ ਪੀਣ ਲਈ ਲਾਹੌਰ ਵਲ ਚਾਲੇ ਪਾ ਦਿੱਤੇ।

ਕੁਰਬਾਨੀ ਤੋਂ ਉਤਸ਼ਾਹ ਤੇ ਚਾਉ ਉਗਮਦਾ ਹੈ। ਪ੍ਰੇਰਨਾ-ਹੀਨ ਕੁਰਬਾਨੀ ਅਰਥਹੀਨ ਹੋ ਕੇ ਰਹਿ ਜਾਂਦੀ ਹੈ। ਦੇਖਣ ਵਿਚ ਆਉਂਦਾ ਹੈ ਕਿ ਸਧਾਰਨ ਪੁਰਖ ਦੀ ਸ਼ਹਾਦਤ ਕੋਈ ਖ਼ਾਸ ਰੰਗ ਨਹੀਂ ਲਿਆਉਂਦੀ, ਸਮਾਂ ਪਾ ਕੇ ਯਾਦ ਵੀ ਬੁੱਝ ਜਾਂਦੀ ਹੈ। ਇਸ ਦੇ ਵਿਪਰੀਤ ਮਹਾਨ ਸੂਰਮੇ ਤਪੱਸਵੀ ਪੁਰਖ ਦੇ ਖ਼ੂਨ ਦਾ ਇਕ ਕਤਰਾ ਵੀ ਸ਼ਹੀਦਾਂ ਦੀ ਫੌਜ ਖੜੀ ਕਰ ਦੇਂਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ ਨੇ ਗੁਰਸਿੱਖੀ ਦੀ ਰੂਪ-ਰੇਖਾ ਵਿਚ ਬੇਪਨਾਹ ਇਨਕਲਾਬ



www.AKJ.Org

ਲੈ ਆਂਦਾ। ਛੇਵੇਂ ਪਾਤਸ਼ਾਹ ਨੇ ਭਗਤੀ ਤੇ ਸ਼ਕਤੀ ਦਾ ਸੁੰਦਰ ਸੁਮੇਲ ਕਰ ਕੇ, ਹਰਿ ਨਾਮ ਖੁਸ਼ਬੂ ਵਾਲਾ, ਕੰਡਿਆਲਾ ਗੁਲਾਬ ਦਾ ਫੁੱਲ, ਸੰਤ-ਸਿਪਾਹੀ ਬਣਾ ਕੇ ਪਾਪਾਂ ਦੀਆਂ ਝੱਖੜ-ਹਨੇਰੀਆਂ ਨਾਲ ਜੂਝਣ ਦਾ ਬੀੜਾ ਚੁਕ ਲਿਆ। "ਜੇ ਨਿਰਦੋਸ਼ ਨੂੰ ਮਾਰਨਾ ਪਾਪ ਹੈ ਤਾਂ ਬਿਨ ਮੌਤ ਮਰੀ ਜਾਣਾ ਕਿਹੜਾ ਪੁੰਨ ਹੈ? ਜੇ ਪਾਪੀ ਆਪਣੀ ਕਰਤੂਤ ਤੋਂ ਬਾਜ਼ ਨਹੀਂ ਆਉਂਦਾ ਤਾਂ ਲੇਲੇ ਵਾਂਗ ਡਰੀ ਜਾਣਾ ਆਤਮ ਘਾਤ ਨਹੀਂ ਹੈ ਤਾਂ ਕੀ ਹੈ? ਜੇ ਜ਼ਾਲਮ ਦਾ ਕਠੋਰ ਹਿਰਦਾ ਪਸੀਜਦਾ ਨਹੀਂ ਤਾਂ ਸ਼ਾਂਤੀ ਸ਼ਾਂਤੀ ਕਰੀ ਜਾਣਾ ਵਿਅਰਥ ਹੈ। ਜਾਬਰ ਦਾ ਜ਼ੁਲਮ ਤਸ਼ੱਦਦ ਰੱਬ ਦੀ ਰਜ਼ਾ ਸਮਝ ਕੇ ਸਹਾਰਨਾ ਕਾਇਰਤਾ ਹੈ।" ਇਹੋ ਜਹੇ ਭੈ-ਰਹਿਤ ਉਪਦੇਸ਼ ਦੁਆਰਾ ਗੁਰਸਿਖ ਨੂੰ ਮੌਤ ਨਾਲ ਟਿਚਕਰਾਂ ਕਰਨ ਵਾਲਾ ਜੋਧਾ ਬਣਾ ਦਿੱਤਾ, ਜਿਸ ਦੀ ਪੂਰਨ ਖਾਲਸਈ ਨੁਹਾਰ ਗੁਰੂ ਗੋਬਿੰਦ ਸਿੰਘ ਜੀ ਨੇ ਬਖ਼ਸ਼ੀ। ਜਿਸ ਪ੍ਰਕਾਰ ਗੁਰੂ ਸਾਹਿਬਾਨ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ, ਖਾਲਸੇ ਨੇ ਮੁਗਲ ਸਲਤਨਤ ਨਾਲ ਲਗਾਤਾਰ ਸੰਘਰਸ਼ ਕਰ ਕੇ ਖਾਲਸਈ ਰਾਜ ਦੇ ਝੰਡੇ ਝੁਲਾਏ, ਸਾਰੇ ਸੰਸਾਰ ਲਈ ਇਕ ਮੁਅਜਜ਼ਾ ਭਰੀ ਘਟਨਾ ਤੋਂ ਘੱਟ ਨਹੀਂ ਹੈ।

ਉਬਲਦੇ ਪਾਣੀ ਤੇ ਝੁਲਸਾਂਦੀ ਰੇਤਾ ਦੁਆਰਾ ਪਿਆਰ ਦੀ ਮੂਰਤਿ ਤੇ ਰੂਹਾਨੀ ਸੂਰਤ ਤੇ ਅੱਤ ਦੇ ਕਹਿਰ ਕਮਾਏ ਗਏ, ਦਿਲ ਕੰਬਾਊ ਅਤਿਆਚਾਰ ਕੀਤੇ ਗਏ, ਬੇਅੰਤ ਤਸੀਹੇ ਦਿੱਤੇ ਗਏ, ਪਰ ਗੁਰੂ ਅਰਜਨ ਦੇਵ ਜੀ ਦੀ ਚੜ੍ਹਦੀ ਕਲਾ, ਗੰਭੀਰਤਾ ਤੇ ਸਹਿਨਸ਼ੀਲਤਾ ਦੀ ਭਾਵਨਾ ਵਿਚ ਕੋਈ ਫਰਕ ਨਾ ਪਿਆ। ਜਹਾਂਗੀਰ ਦੇ ਗੁੱਸੇ ਦੇ ਭਖਦੇ ਚੰਗਿਆੜੇ, ਅਤੇ ਚੁਗਲੀ ਦੇ ਸਾੜੇ ਕੁਦਰਤ ਦੀ ਗਰਮੀ ਨਾਲ ਸਮਝੌਤਾ ਕਰ ਕੇ ਵੀ 'ਖੁਨਕ ਨਾਮੁ ਖੁਦਾਇਆ'* ਤੇ ਭਾਰੂ ਨਹੀਂ ਹੋ ਸਕੇ। ਜਾਬਰ ਤੇ ਸਾਬਰ ਦੀ, ਜ਼ੁਲਮ ਤੇ ਇਨਸਾਫ਼ ਦੀ, ਹਿੰਸਾ ਤੇ ਅਹਿੰਸਾ ਦੀ, ਝੂਠ ਤੇ ਸੱਚ ਦੀ, ਤਪਸ਼ ਤੇ ਠੰਢ ਦੀ, ਰਾਜਸੀ ਨਸ਼ੇ ਤੇ ਨਾਮ ਖੁਮਾਰੀ ਦੀ, ਜੰਗ ਵਿਚ ਅੰਤ ਨੂੰ ਦੁਨਿਆਵੀ ਬਾਦਸ਼ਾਹ ਦੀ ਹਾਰ ਤੇ ਸੱਚੇ ਪਾਤਸ਼ਾਹ ਦੀ ਜਿੱਤ ਹੋਈ। ਹਜ਼ੂਰ ਨੇ ਸਰੀਰਕ ਕਸ਼ਟ ਕਿਵੇਂ ਝੱਲੇ, ਮਾਨਸਕ ਅਵਸਥਾ ਨੂੰ ਕਿਵੇਂ ਸੰਤੁਲਤ ਰੱਖਿਆ, ਆਤਮਕ ਬਲ ਨਾਲ ਕਿਵੇਂ ਦ੍ਰਿੜ੍ਹਤਾ ਕਾਇਮ ਰੱਖੀ, ਜਿਸ ਦੀ ਸ਼ਾਹਦੀ ਆਪ ਜੀ ਦੇ ਮੁਖਾਰਬਿੰਦ ਤੋਂ ਉਚਰੀ ਬਾਣੀ ਨੇ ਕੀਤੀ ਹੈ।

ਆਪ ਨੇ ਸੁਖਮਨੀ ਸਾਹਿਬ ਵਿਚ ਕਥੇ ਬ੍ਰਹਮ ਗਿਆਨੀ ਦੇ ਦੈਵੀ ਗੁਣਾਂ ਦਾ ਪ੍ਰਗਟਾਵਾ ਤੱਤੀ ਤਵੀ ਤੇ ਬੈਠ ਕੇ ਕੀਤਾ। ਕੰਵਲ ਦੇ ਫੁੱਲ ਵਾਂਗ ਅਤਿਆਚਾਰ ਦੇ ਤੂਫਾਨਾਂ ਵਿਚ ਅਡੋਲ ਰਹਿ ਕੇ ਮੁਸਕ੍ਰਾਉਂਦੇ ਰਹੇ ਤੇ ਅਕਾਲ ਪੁਰਖ ਦਾ ਸ਼ੁਕਰ ਮਨਾਉਂਦੇ ਰਹੇ–

ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥੧॥ (ਸੁਖਮਨੀ, ਪੰਨਾ ੨੭੨)

ਇਸ ਅਵਸਥਾ ਦਾ ਆਧਾਰ ਪਿਆਰੇ ਨਾਲ ਨੇਹੁ ਹੈ। ਝੂਠੇ ਪਿਆਰ ਵਿਚ ਕਬਜ਼ੇ ਦੀ ਭਾਵਨਾ, ਤੇ ਸੱਚੇ ਪਿਆਰ ਵਿਚ ਕੁਰਬਾਨੀ ਦਾ ਚਾਉ ਹੁੰਦਾ ਹੈ। ਆਤਮ-ਸਮਰਪਨ ਕਰਨਾ, ਪਿਆਰੇ ਦੇ ਦਿੱਤੇ ਦੁੱਖ ਨੂੰ ਸੁਖ ਸਮਝਣਾ, ਭਾਣੇ ਨੂੰ ਮਿੱਠਾ ਕਰ ਕੇ ਮੰਨਣਾ, ਰਜ਼ਾ ਵਿਚ ਰਾਜ਼ੀ ਰਹਿਣਾ, ਹੁਕਮ ਨੂੰ ਖਿੜੇ ਮੱਥੇ ਮੰਨਣਾ ਕੇਵਲ ਬ੍ਰਹਮ ਗਿਆਨੀ ਨੂੰ ਹੀ ਸ਼ੋਭਾ ਦਿੰਦਾ ਹੈ।

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ ॥ ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ ॥੫॥ ਪੰਨਾ ੨੭੬
ਵਾਹਿਗੁਰੂ ਆਪ ਅਨੰਦ-ਸਰੂਪ ਹੈ ਤੇ ਉਸ ਦੇ ਸੇਵਕ ਸਦਾ ਖੇੜੇ ਵਿਚ ਰਹਿੰਦੇ ਹਨ। ਸਰਬ-ਕਲਾ ਸਮਰੱਥ ਦੀ ਓਟ ਤੋਂ ਚੜ੍ਹਦੀ ਕਲਾ ਦੀ ਦਾਤ ਪ੍ਰਾਪਤ ਹੁੰਦੀ ਹੈ–

"ਨਾ ਓਸ ਦੂਖੁ ਨ ਹਮ ਕਉ ਦੂਖੇ" ॥੧॥ ਆਸਾ ਮ: ੫, ਪੰਨਾ ੩੯੧/੧

ਵਾਲੀ ਪੰਗਤੀ ਬਲਵਾਨ ਆਤਮਾ ਦੀ ਦੇਣ ਹੈ। ਭਾਣਾ ਮੰਨਣ ਤੋਂ ਅਗੰਮੀ ਖ਼ੁਸ਼ੀ ਤੇ ਸਦੀਵੀ ਸੁੱਖ ਮਿਲਦਾ ਹੈ। ਪਾਵਨ ਹੁਕਮ ਹੈ :–ਗੁਰਮੁਖਿ ਹੋਵੈ ਸੁ ਪੂਜਾ ਜਾਣੈ ਭਾਣਾ ਮੰਨਿ ਵਸਾਈ ॥੧੧॥
ਭਾਣੇ ਤੇ ਸਭਿ ਸੁਖ ਪਾਵੈ ਸੰਤਹੁ ਅੰਤੇ ਨਾਮੁ ਸਖਾਈ ॥੧੨॥ (ਰਾਮਕਲੀ ਮ: ੩–੯੧੦)

*ਵਾਰ ਮਲਾਰ ੧, ਮ: ੧, ਪਉੜੀ ੨੭ ਦੇ ਨਾਲ ਦੂਜਾ ਸਲੋਕ, ਪੰਨਾ ੧੨੯੧


www.AKJ.Org

ਮੀਆਂ ਮੀਰ ਦੇ ਕੋਮਲ ਜਜ਼ਬਾਤ, 'ਹੀਲੇ ਉਪਰਾਲੇ, ਨਿਸਫਲ ਗਏ। ਉਸ ਨੇ ਬ੍ਰਹਮ ਗਿਆਨੀ ਦਾ ਅਰਥ ਸਮਝਿਆ ਸੁਣਿਆ ਹੋਵੇਗਾ, ਪਰ ਆਪਣੀਆਂ ਅੱਖਾਂ ਨਾਲ ਸ਼ਾਇਦ ਅੱਜ ਹੀ ਡਿੱਠਾ। ਹਜ਼ੂਰ ਦੀ ਅਥਾਹ ਸਹਿਣ-ਸ਼ਕਤੀ ਤੇ ਉਮਾਹ ਭਰੇ ਬਚਨਾਂ ਨੇ ਸਾਈਂ ਮੀਆਂ ਮੀਰ ਦੀ ਆਤਮਾ ਨੂੰ ਹਲੂਣ ਕੇ ਰੱਖ ਦਿੱਤਾ।

ਸਹਣ ਸੀਲ ਸੰਤੰ ਸਮ ਮਿਤ੍ਰਸ੍ ਦੁਰਜਨਹ ॥੨੭॥ (ਪੰਨਾ ੧੩੫੯)

ਸਪੱਸ਼ਟ ਕਰਦਿਆਂ ਹਜ਼ੂਰ ਨੇ ਉਚਾਰਿਆ ਕਿ ਔਕੜ ਵੇਲੇ ਜਾਂ ਦੁਰਜਨਾਂ ਦੀ ਸੰਗਤ ਵਿਚ ਸਹਿਣ-ਸ਼ਕਤੀ ਦੀ ਪਰਖ ਹੁੰਦੀ ਹੈ। ਚੰਦਨ ਦਾ ਬੂਟਾ ਆਪਣੀ ਸੀਤਲਤਾ ਨੂੰ ਨਹੀਂ ਤਿਆਗਦਾ, ਭਾਵੇਂ ਅਨੇਕ ਸੱਪਾਂ ਦੀ ਲਪੇਟ ਵਿਚ ਆਇਆ ਹੋਵੇ। ਪਾਵਨ ਹੁਕਮ ਹੈ–

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥੧੭੪॥ (ਪੰਨਾ ੧੩੭੩)

ਆਪ ਸਮਦ੍ਰਿਸ਼ਟੀ ਦੇ ਸਰੂਪ, ਸ਼ਾਂਤੀ ਦੇ ਪੁੰਜ, ਪਰਬਤ ਵਾਂਗ ਅਡੋਲ, ਸਾਗਰ ਸਮ ਗੰਭੀਰ ਤੇ ਧਰਤੀ ਵਾਂਗ ਧੀਰਜਵਾਨ ਸਨ। ਪੰਜਾਂ ਤੱਤਾਂ ਦੇ ਗੁਣਾਂ ਵਿਚੋਂ ਧਰਤੀ ਦਾ ਗੁਣ, ਹਜ਼ੂਰ ਦੇ ਧੀਰਜ ਨੂੰ ਇਉਂ ਰੂਪਮਾਨ ਕਰਦਾ ਹੈ:–

ਬ੍ਰਹਮ ਗਿਆਨੀ ਕੈ ਧੀਰਜੁ ਏਕ ॥ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥੧॥੮॥
(ਸੁਖਮਨੀ, ਪੰਨਾ ੨੭੨)

ਦੂਸਰੇ ਸ਼ਬਦਾਂ ਵਿਚ ਹਜ਼ੂਰ ਨੂੰ ਨਿਵਾਰੀ ਪਲੰਘ ਤੇ ਲੋਹ ਦੀ ਸੇਜਾ ਇਕ-ਸਮਾਨ ਪ੍ਰਤੀਤ ਹੁੰਦੇ ਸਨ।

ਹਜ਼ੂਰ ਦਾ ਆਤਮ-ਤਿਆਗ, ਪਰਮਾਤਮਾ ਉੱਪਰ ਭਰੋਸਾ ਤੇ ਵਿਸ਼ਵਾਸ ਸਿਖਰ ਦਾ ਸੀ। ਆਪਣਾ ਵਿਚਾਰ, ਆਪਣਾ ਫ਼ੈਸਲਾ, ਦੁਖ ਸੁੱਖ ਦੀ ਭਾਵਨਾ ਸਭ ਕਿਛ ਹਵਾਲੇ ਕਰ ਦਿੱਤਾ। ਸੁਲਹੀ ਦੇ ਹਮਲੇ ਵੇਲੇ, ਜਹਾਂਗੀਰ ਦੇ ਬੁਲਾਵੇ ਤੇ, ਚੰਦੂ ਦੀ ਧਮਕੀ ਤੇ, ਤੱਤੀ ਰੇਤਾ ਦੀ ਬਾਰਸ਼ ਥੱਲੇ, ਆਪ ਨੂੰ ਕੋਈ ਸ਼ਿਕਾਇਤ ਨਹੀਂ, ਗਿਲਾ ਨਹੀਂ, ਗੁੱਸਾ ਨਹੀਂ, ਰੋਸ ਨਹੀਂ, ਨਿਹੋਰਾ ਨਹੀਂ, ਉਲਾਂਭਾ ਨਹੀਂ। ਗੁਰਬਾਣੀ ਇਸ ਨੂੰ ਨਿਖਾਰ ਕੇ ਪੇਸ਼ ਕਰਦੀ ਹੈ–

ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ਰਹਾਉ॥
ਆਗਿਆ ਮਾਨਿ ਜਾਨਿ ਸੁਖੁ ਪਾਇਆ, ਸੁਨਿ ਸੁਨਿ ਨਾਮੁ ਤੁਹਾਰੋ ਜ਼ੀਓ ॥...੧॥੧॥੨॥
ਨਟ ਨਾਰਾਇਨ ਮ: ੫, ਪੰਨਾ ੯੭੮

ਸਗੋਂ ਦਰੱਖਤ ਦੀ ਪਰਉਪਕਾਰੀ ਭਾਵਨਾ ਰੱਖਦੇ ਹੋਏ ਹਰਿ ਨਾਮ ਦੀ ਠੰਢੀ ਛਾਂ ਦੁਆਰਾ ਜਗਤ-ਜਲੰਦੇ ਨੂੰ ਠਾਰਨ ਦਾ ਬਿਰਦ ਪਛਾਣਦੇ ਰਹੇ। ਆਪ ਨੇ ਨੁਕਤਾਚੀਨੀ ਨਹੀਂ ਕੀਤੀ, ਕਿਸੇ ਦਾ ਕਸੂਰ ਨਹੀਂ ਛਾਂਟਿਆ, ਬਲਕਿ ਹਰੇਕ ਕੜਵੇ ਤੱਤ ਨੂੰ ਅਕਾਲ ਪੁਰਖ ਦਾ ਇਲਾਹੀ ਹੁਕਮ ਸਮਝ ਕੇ ਸਿਰ ਨਿਵਾਇਆ–

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥
ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥ (੮॥੩) (ਮਾਰੂ ਮ: ੫–੧੦੧੭)

ਆਪ ਤਾਂ ਜਹਾਂਗੀਰ ਨੂੰ ਵੀ ਦੋਸ਼ੀ ਨਹੀਂ ਕਹਿੰਦੇ। ਉਨ੍ਹਾਂ ਦੇ ਪਾਵਨ ਬਚਨਾਂ ਅਨੁਸਾਰ ਪਰਮਾਤਮਾ ਹੀ ਜੀਵਨ ਦਾ ਮੂਲ ਹੈ, ਉਸ ਬਿਨਾਂ ਹੋਰ ਕੋਈ ਮਾਰਨ ਵਾਲਾ ਨਹੀਂ ਹੈ। ਡਰ, ਭੈ, ਦੁਖਾਂ-ਕਲੇਸ਼ਾਂ, ਭੁੱਖਾਂ, ਬੰਧਨਾਂ, ਧੰਦਿਆਂ ਤੇ ਭਰਮਾਂ ਤੋਂ ਛੁਟਕਾਰਾ ਕੇਵਲ ਪਰਮਾਤਮਾ ਦੀ ਬਖ਼ਸ਼ਸ਼ ਤੇ ਰਹਿਮਤ ਵਿਚ ਹੈ। ਪਾਵਨ ਹੁਕਮ ਹੈ–

ਨਾ ਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ ਨਾ ਹਮ ਕੜਿਆ ॥
ਨ ਓਹੁ ਨਿਰਧਨੁ ਨਾ ਹਮ ਭੂਖੇ ॥ ਨ ਓਸੁ ਦੂਖੁ ਨ ਹਮ ਕਉ ਦੂਖੇ ॥੧॥
ਅਵਰੁ ਨ ਕੋਊ ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥ . (ਪੰਨਾ ੩੯੧)

"ਜਲ ਦੁਧ ਨਿਆਈ ਰੀਤਿ"* ਨਿਭਾਉਂਦਿਆਂ ਆਪ ਨੇ ਸੰਸਾਰ ਦੀ ਤਪਸ਼ ਨੂੰ ਠਾਰਨ ਲਈ, ਅਗਨੀ ਦਾ ਸੇਕ ਆਪਣੇ ਉੱਪਰ ਲੈ ਲਿਆ।

*ਆਸਾ ਮ: ੫ ਛੰਤ ਘਰੁ ੬, ਪੰਨਾ ੪੫੪/੧੫



www.AKJ.Org

ਏਡੇ ਵੱਡੇ ਸਾਕੇ ਦੌਰਾਨ ਮਹਾਨ ਸ਼ਹੀਦ ਦੀ ਸਰੀਰਕ ਸ਼ਕਤੀ, ਮਾਨਸਕ ਅਵਸਥਾ ਤੇ ਆਤਮਕ ਬੁਲੰਦੀ ਦੀ ਜੇ ਝਲਕ ਤੱਕਣੀ ਹੋਵੇ ਤਾਂ ਹੇਠ ਲਿਖੀਆਂ ਪੰਗਤੀਆਂ ਇਹ ਦ੍ਰਿਸ਼ ਪੇਸ਼ ਕਰਦੀਆਂ ਹਨ–

ਗੁਰਮੁਖਿ ਅੰਤਰਿ ਸਹਜੁ ਹੈ, ਮਨੁ ਚੜਿਆ ਦਸਵੈ ਆਕਾਸਿ ॥
ਤਿਥੈ ਊਂਘ ਨ ਭੁਖ ਹੈ, ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥
ਨਾਨਕ ਦੁਖੁ ਸੁਖੁ ਵਿਆਪਤ ਨਹੀ, ਜਿਥੈ ਆਤਮ ਰਾਮ ਪ੍ਰਗਾਸੁ ॥੧੯॥ ਸਲੋਕ ਮ: ੩–੧੪੧੪

ਭਾਈ ਗੁਰਦਾਸ ਜੀ ਦੇ ਬਚਨਾਂ ਅਨੁਸਾਰ, ਆਪ ਦੇ ਪਿਆਰ ਦੀ ਤੀਬਰਤਾ ਮੱਛੀ ਵਾਂਗ ਸੀ, ਸਬਦੁ-ਸੁਰਤਿ-ਲਿਵ ਹਿਰਨ ਵਾਂਗ ਤੇ ਅਕਾਲ ਪੁਰਖ ਦੇ ਚਰਨਾ ਵਿਚ ਸੁਰਤੀ ਭੌਰੇ ਵਾਂਗ ਸੀ। ਹਜ਼ੂਰ ਦੀ ਅੰਤਮ ਰਾਤ ਦੇ ਅਨੁਭਵ ਨੂੰ ਭਾਈ ਸਾਹਿਬ ਜੀ ਨੇ ਬਖਾਨਿਆ ਹੈ–

ਸਬਦੁ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ ॥
ਚਰਨ ਕਵਲ ਮਿਲਿ ਭਵਰ ਜਿਉ,ਸੁਖ ਸੰਪਟ ਵਿਚਿ ਰੈਣਿ ਵਿਹਾਣੀ ॥੨੩॥ (ਭਾਈ ਗੁਰਦਾਸ ਜੀ, ਵਾਰ ੨੪

ਇਉਂ ਗੁਰੂ ਅਰਜਨ ਦੇਵ ਜੀ ਮਹਾਰਾਜ, ਪਰਉਪਕਾਰੀ ਉਦੇਸ਼ ਦੀ ਪੂਰਤੀ ਕਰਦੇ ਹੋਏ, ਸ਼ਹਾਦਤ ਦੀ ਜਾਗ ਲਾ ਕੇ ਅਕਾਲ ਪੁਰਖ ਨਾਲ ਇੰਜ ਅਭੇਦ ਹੋ ਗਏ ਜਿਉਂ ਪਾਣੀ ਵਿਚ ਪਾਣੀ, ਪੌਣ ਵਿਚ ਪੌਣ ਤੇ ਸੂਰਜ ਵਿਚ ਕਿਰਣ ਮਿਲ ਕੇ ਇੱਕ ਮਿੱਕ ਹੁੰਦੀ ਹੈ–

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥੪॥੨॥ (ਬਿਲਾਵਲੁ ਮ: ੫–੮੪੬

---

# ਸਿਖ ਨੂੰ ਸਤਿਗੁਰੂ ਪਹਿਲਾਂ

ਸਾਡਾ ਘਰ ਹੋਣਾ ਹੈ, ਜਿਸ ਦਾ ਸਭ ਥੀਂ ਵੱਡਾ ਤੇ ਸੋਹਣਾ ਕਮਰਾ ਧਰਮਸਾਲ ਹੋਣੀ ਹੈ, ਜਿਥੇ ਸਾਡੇ ਸਤਿਗੁਰਾਂ ਦਾ ਦਰਬਾਰ ਹੋਣਾ ਹੈ, ਤੇ ਅਸਾਂ ਮਾਵਾਂ-ਪੁੱਤਾਂ, ਵਹੁਟੀਆਂ-ਖਸਮਾਂ, ਬਾਲਾਂ ਬੱਚਿਆਂ ਨੇ ਸਤਿਗੁਰੂ ਦੇ ਟਹਿਲੀਏ ਬਣ, ਨਾਲ ਦੇ ਕਮਰੇ ਹੁਕਮ-ਬੱਧੇ ਗੁਲਾਮਾਂ ਵਾਂਗ ਮੱਲਣੇ ਹਨ। ਓਹ ਘਰ ਜਿਸ ਦਾ ਡਰਾਇੰਗ ਹਾਲ (ਗੋਲ ਕਮਰਾ) ਧਰਮਸਾਲ ਹੈ, ਉਹੀ ਸਿਖ ਦਾ ਹੈ। ਨਹੀਂ, ਸਿਖ ਦਾ ਨਹੀਂ, ਸਿਖ ਨੂੰ ਸਤਿਗੁਰੂ ਪਹਿਲਾਂ, ਤੇ ਹੋਰ ਸਭ ਕੁਝ ਪਿੱਛੇ। ਕੂੜੀਆਂ ਇੱਜ਼ਤਾਂ ਤੇ ਦੁਨੀਆ ਦੀਆਂ ਧੜੇਬੰਦੀਆਂ ਥੀਂ ਅਸਾਂ ਮੂੰਹ ਮੋੜਨਾ ਜੀ, ਅੰਦਰ ਬਾਹਰ ਸਤਿਗੁਰਾਂ ਦੀ ਧਰਮਸਾਲ ਦੀ ਸੇਵਾ ਕਰਨ ਵਾਸਤੇ ਅਸਾਂ ਜੀਣਾ ਜੀ। ਸਾਡੇ ਘਰਾਂ ਵਿਚ ਰੰਗ ਖ਼ੁਸ਼ੀਆਂ ਅਨੰਦ ਅਬਿਚਲੀ ਜੋਤਿ ਵਾਲੇ ਹੋਣੇ ਜੀ।

ਸਤਿਗੁਰੂ ਮਿਹਰ ਕਰਨ, ਜੇ ਇਹ ਹੋਵੇ ਤਾਂ ਸਾਡਾ ਪੰਥ ਜਗਤ ਭਰ ਦੇ ਦੁਖੜੇ ਦੂਰ ਕਰਨ ਦੇ ਸਮਰੱਥ ਹੋਵੇ। ਸਤਿਗੁਰ ਸਹਾਈ ਹੋਵਣ।

[ਪ੍ਰੋ: ਪੂਰਨ ਸਿੰਘ ਜੀ ਲਿਖਤ "ਅਬਿਚਲੀ ਜੋਤਿ" ਵਿਚੋਂ

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਮ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।


www.AKJ.Org

# ਭਾਣਾ ਮੰਨੇ ਸੋ ਸੁਖੁ ਪਾਏ

[ਪ੍ਰੋਫੈਸਰ ਹਰਨਾਮ ਸਿੰਘ ਜੀ, W 139, ਗਰੇਟਰ ਕੈਲਾਸ਼-1, ਨਵੀਂ ਦਿੱਲੀ–48]

**ਭਾਣਾ ਮੰਨੇ ਸੋ ਸੁਖੁ ਪਾਏ, ਭਾਣੇ ਵਿਚਿ ਸੁਖੁ ਪਾਇਦਾ ॥੧॥** ਮਾਰੂ ਸੋਲਹੇ ਮਹਲਾ ੩–੧੦੬੩

ਭਾਣਾ ਸ਼ਬਦ ਦਾ ਅਖਰੀ ਅਰਥ ਚੰਗਾ ਲਗਣਾ, ਪਸੰਦ ਆਉਣਾ ਹੁੰਦਾ ਹੈ। ਗੁਰਬਾਣੀ ਵਿਚ ਹੁਕਮ, ਆਗਿਆ, ਖੇਡ, ਕੌਤਕ, ਰਜ਼ਾ ਆਦਿ ਸ਼ਬਦਾਂ ਦੀ ਵਰਤੋਂ ਵੀ ਰੱਬੀ ਹੁਕਮ ਤੇ ਭਾਣੇ ਲਈ ਕੀਤੀ ਜਾਂਦੀ ਹੈ। ਇਸ ਸ਼ਬਦ ਪਿਛੇ ਵਾਹਿਗੁਰੂ ਦੀ ਅਪਰ ਅਪਾਰ ਸ਼ਕਤੀ ਦਾ ਸਿਧਾਂਤ ਕੰਮ ਕਰਦਾ ਦਿਖਾਇਆ ਗਿਆ ਹੈ। ਉਸ ਵਿਚ ਪੂਰਨ ਭਰੋਸੇ ਦੀ ਮਤ ਪ੍ਰਦਾਨ ਕੀਤੀ ਗਈ ਹੈ। ਸੰਸਾਰ ਦੀ ਜੋ ਕਾਰ ਚਲ ਰਹੀ ਹੈ, ਉਹ ਉਸ ਅਕਾਲ ਪੁਰਖ ਦੇ ਹੁਕਮ ਵਿਚ ਹੀ ਚਲ ਰਹੀ ਹੈ, ਪਰ ਸੰਸਾਰੀ ਜੀਵ ਉਸਦੇ ਹੁਕਮ ਅਤੇ ਭਾਣੇ ਨੂੰ ਸਮਝਣ ਦੀ ਥਾਂ, ਜੀਵਨ ਵਿਚ ਆਉਂਦੇ ਹਰ ਉਤਰਾ ਚੜ੍ਹਾ ਕਾਰਨ ਡਾਵਾਂ-ਡੋਲ ਹੋਇ ਰਹਿੰਦੇ ਹਨ। ਏਸੇ ਕਾਰਨ ਸੰਸਾਰੀਆਂ ਦਾ ਜੀਵਨ ਕਸ਼ਟਾਂ, ਮੁਸੀਬਤਾਂ, ਵਾਦਾਂ ਵਿਵਾਦਾਂ, ਝਗੜਿਆਂ ਤੇ ਖਿਚੋਤਾਣ ਨਾਲ ਭਰਿਆ ਰਹਿੰਦਾ ਹੈ। ਇਹੀ ਸਾਡੇ ਦੁਖਾਂ ਦਾ ਮੁਖ ਕਾਰਨ ਹੈ। ਅਸੀਂ ਉਸ ਦੇ ਭਾਣੇ ਨੂੰ ਸਮਝਣ ਦਾ ਉਪਰਾਲਾ ਨਹੀਂ ਕਰਦੇ। ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਸਾਡਾ ਜੀਵਨ ਉਲਝਣਾਂ ਨਾਲ ਭਰਿਆ ਰਹਿੰਦਾ ਹੈ, ਖੇੜੇ ਦੀ ਥਾਂ ਉਦਾਸੀ ਛਾਈ ਰਹਿੰਦੀ ਹੈ ਤੇ ਅਸੀਂ ਸੰਸਾਰ ਨੂੰ 'ਸਚੇ ਕੀ ਕੋਠੜੀ' ਸਮਝਣ ਦੀ ਥਾਂ ਦੁਖਾਂ ਤੇ ਮੁਸੀਬਤਾਂ ਦਾ ਘਰ ਮੰਨ ਲੈਂਦੇ ਹਾਂ। ਇਸ ਤਰ੍ਹਾਂ ਢਹਿੰਦੀਆਂ ਕਲਾਂ ਵਾਲੀ ਦਸ਼ਾ ਧਾਰਨ ਕਰ ਕੇ ਸਾਡੀ ਜੀਵਨ-ਖੇਡ ਮੁਕ ਜਾਂਦੀ ਹੈ।

ਗੁਰਮਤਿ ਵਿਚ ਇਸ ਸਾਰੀ ਸੰਕਟ ਵਾਲੀ ਸਥਿਤੀ ਵਿਚੋਂ ਨਿਕਲਣ ਲਈ ਗੁਰਦੇਵ ਨੇ ਭਾਣਾ ਮੰਨਣ ਦਾ ਉਪਦੇਸ਼ ਦਿਤਾ ਹੈ– ਭਾਣਾ ਮੰਨੇ ਸਦਾ ਸੁਖੁ ਹੋਇ ॥੪॥੧੦॥੪੯॥ [ਆਸਾ ਮ: ੩–੩੬੪

ਦੂਜੇ ਪਾਸੇ ਜਿਹੜਾ ਵਿਅਕਤੀ ਭਾਣਾ ਨਹੀਂ ਮੰਨਦਾ, ਉਸ ਲਈ ਫੁਰਮਾਨ ਹੈ :–

ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥੫॥ [ਮਾਰੂ ਮ: ੩–੧੦੬੪

ਸਦਾ ਸੁਖੀ ਤਾਂ ਉਹੀ ਰਹਿੰਦਾ ਹੈ ਜਿਹੜਾ ਪ੍ਰਭੂ-ਭਾਣੇ ਨੂੰ ਸਿਰ ਮੱਥੇ ਮੰਨ ਕੇ ਚਲਦਾ ਹੈ—

ਤੇਰੈ ਭਾਣੈ ਸਦਾ ਸੁਖੁ ਪਾਇਆ ...॥੩॥੨॥ [ਪ੍ਰਭਾਤੀ ਮ: ੩–੧੩੩੩

ਗੁਰੂ ਦਾ ਸਿਖ ਹਰ ਸਥਿਤੀ ਵਿਚ ਵਾਹਿਗੁਰੂ ਦੇ ਭਾਣੇ ਅਗੇ ਸਿਰ ਝੁਕਾ ਦਿੰਦਾ ਹੈ। ਜੇਕਰ ਪਰਵਾਰ ਵਿਚ ਉਸ ਦਾ ਕੋਈ ਅਤਿ ਪਿਆਰਾ ਸਦੀਵੀ ਵਿਛੋੜਾ ਦੇ ਜਾਂਦਾ ਹੈ ਤਾਂ ਉਹ ਉਸ ਸਮੇਂ ਵੀ ਇਹੀ ਕਹਿੰਦਾ ਹੈ :–

ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠ ਤੁਹਾਰੋ ਕੀਓ ॥੧॥ਰਹਾਉ॥

–ਨਟ ਨਾਰਾਇਨ ਮਹਲਾ ੫ ਦੁਪਦੇ–੯੭੮

ਉਸਨੂੰ ਗੁਰਦੇਵ ਨੇ ਇਹੋ ਸੋਝੀ ਦਿਤੀ ਹੁੰਦੀ ਹੈ ਕਿ–

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥ [ਸਲੋਕ ਮ: ੯–੧੪੨੯

ਸਿਖ ਇਤਿਹਾਸ ਵਿਚ ਭਾਣਾ ਮੰਨਣ ਸੰਬੰਧੀ ਅਨੇਕ ਘਟਨਾਵਾਂ ਵੇਖੀਆਂ ਜਾ ਸਕਦੀਆਂ ਹਨ। ਇਹ ਘਟਨਾਵਾਂ ਸੰਸਾਰੀ ਜੀਵਾਂ ਲਈ ਚਾਨਣ-ਮੁਨਾਰੇ ਦਾ ਕੰਮ ਦਿੰਦੀਆਂ ਹਨ, ਇਕ ਸੁਚੱਜੀ ਸੇਧ ਪ੍ਰਦਾਨ ਕਰਦੀਆਂ ਹਨ।

ਭਾਣਾ ਮੰਨਣ ਸੰਬੰਧੀ ਜਿਨ੍ਹਾਂ ਘਟਨਾਵਾਂ ਨੇ ਇਤਿਹਾਸ ਨੂੰ ਮਹੱਤਵ ਪੂਰਨ ਮੋੜ ਦਿਤਾ, ਉਨ੍ਹਾਂ ਵਿਚੋਂ ਸਭ ਤੋਂ ਪਹਿਲੀ ਤੇ ਮਹੱਤਵਪੂਰਨ ਘਟਨਾ ਪੰਚਮ ਪਾਤਸ਼ਾਹ ਜੀ ਦੀ ਸ਼ਹੀਦੀ ਹੈ। 'ਗੁਰੁ ਅਰਜੁਨੁ ਪਰਤਖੵ ਹਰਿ'* ਹੋਣ ਕਾਰਨ ਇਸ ਹੋਣੀ ਨੂੰ ਟਾਲ ਸਕਦੇ ਸਨ, ਪਰ ਆਪ ਨੇ ਤਾਂ ਰੱਬੀ ਹੁਕਮ ਤੇ ਆਪ ਫੁਲ ਚੜ੍ਹਨੇ ਸਨ ਤੇ ਸਾਰੇ ਸੰਸਾਰ ਨੂੰ ਹੁਕਮ ਮੰਨਣ ਦਾ ਪਾਠ ਪੜ੍ਹਾਣਾ ਤੇ ਸਿਖਾਣਾ ਸੀ। ਰੱਬ-ਰਸੀਦਾ ਸਾਈਂ ਮੀਆਂ ਮੀਰ ਨੂੰ ਆਪ ਨੇ ਇਹੀ ਸੋਝੀ

*ਸਵਈਏ ਮਹਲੇ ਪੰਜਵੇ ਕੇ, ਮਥਰਾ ਭਟ, ੧੪੦੯



www.AKJ.Org

ਕਰਵਾਈ ਕਿ ਪ੍ਰਭੂ-ਆਗਿਆ ਵਿਚ ਦਖ਼ਲ ਦੇਣਾ ਕਿਸੇ ਗਲੋਂ ਵੀ ਉਚਿਤ ਨਹੀਂ, ਕਿਉਂਕਿ ਆਪ ਨੇ ਤਾਂ–

ਤੇਰਾ ਕੀਆ ਮੀਠਾ ਲਾਗੈ ॥੨॥੯੩॥ [ਆਸਾ ਮ: ੫–੩੯੪

ਹੀ ਆਪਣਾ ਵਿਸ਼ਵਾਸ ਬਣਾ ਲਿਆ ਸੀ। ਏਸੇ ਸਿਧਾਂਤ ਦੀ ਪਾਲਨਾ ਕਰਦਿਆਂ ਆਪ ਨੇ ਆਪਣੇ ਸਰੀਰ ਤੇ ਅਸਹਿ ਤੇ ਅਕਹਿ ਕਸ਼ਟ ਸਹਿਨ ਕਰਦਿਆਂ ਵਾਹਿਗੁਰੂ ਦੀ ਦਰਗਾਹ ਵਿਚ ਉਹ ਉੱਚ ਪਦਵੀ ਪ੍ਰਾਪਤ ਕੀਤੀ, ਜੋ ਗੁਰੂ ਰਾਮ ਦਾਸ ਜੀ ਨੇ ਪਾਈ–ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥

ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥੨॥੨੧॥ [ਸਵਈਏ ਮ: ਪੰਜਵੇ ਕੇ–੧੪੦੯

ਇਸ ਤਰ੍ਹਾਂ ਸਬਰ ਅਤੇ ਸੰਤੋਖ ਦੀ ਮੂਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਣਾ ਮੰਨਣ ਦੀ ਇਕ ਅਦੁਤੀ ਮਿਸਾਲ ਪੇਸ਼ ਕੀਤੀ। ਆਪ ਜੀ ਦੇ ਜੀਵਨ ਵਿਚ ਇਕ ਹੋਰ ਮਹੱਤਵਪੂਰਨ ਘਟਨਾ ਵਾਪਰੀ, ਜੋ ਆਪ ਜੀ ਦੇ ਭਾਣਾ ਮੰਨਣ ਦੀ ਲਾਸਾਨੀ ਮਿਸਾਲ ਹੈ। ਮੁਗ਼ਲ ਹਾਕਮ ਸੁਲਹੀ ਖ਼ਾਨ ਜਦੋਂ ਆਪ ਤੇ ਫੌਜਾਂ ਲੈ ਕੇ ਚੜ੍ਹਾਈ ਕਰ ਆਇਆ ਤਾਂ ਆਪ ਨੇ ਉਸ ਦਾ ਮੁਕਾਬਲਾ ਰੱਬੀ ਭਾਣੇ ਨਾਲ ਕੀਤਾ–

ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥੫॥ [ਆਸਾ ਮ: ੫–੩੭੧

ਇਸ ਦਾ ਸਿੱਟਾ ਸਾਡੇ ਸਭ ਦੇ ਸਾਹਮਣੇ ਹੈ :–

ਸੁਲਹੀ ਕਾ ਹਾਥੁ ਕਹੀ ਨ ਪਹੁਚੈ, ਸੁਲਹੀ ਹੋਇ ਮੂਆ ਨਾਪਾਕੁ ॥੧॥ਰਹਾਉ॥ [ਬਿਲਾਵਲੁ ਮ: ੫–੮੨੫

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ "ਦਲਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ"* ਸਨ। ਬੰਦੀ-ਛੋੜ ਗੁਰਦੇਵ ਆਪ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾਏ ਗਏ। ਸਿਖਾਂ ਲਈ ਇਹ ਗੱਲ ਅਸਹਿ ਸੀ। ਪਰ ਆਪ ਨੇ ਉਨ੍ਹਾਂ ਨੂੰ ਰੱਬੀ ਹੁਕਮ ਦਾ ਉਪਦੇਸ਼ ਦੇ ਕੇ ਭਾਣੇ ਵਿਚ ਰਹਿੰਦਿਆਂ ਬਵੰਜਾ ਕੈਦੀ-ਰਾਜਿਆਂ ਨੂੰ ਮੁਕਤ ਕਰਵਾ ਕੇ 'ਬਹੁ ਪਰਉਪਕਾਰੀ' ਤੇ 'ਬੰਦੀ ਛੋੜ' ਗੁਰੂ ਹੋਣ ਦਾ ਸਬੂਤ ਦਿਤਾ। ਭਾਣਾ ਮੰਨ ਕੇ–

ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ।੩॥੨॥ [ਧਨਾਸਰੀ ਮ: ੩– ੬੬੪

ਦੇ ਮਹਾਂਵਾਕ ਦੀ ਸਚਾਈ ਨੂੰ ਪ੍ਰਗਟ ਕੀਤਾ।

ਏਸੇ ਤਰ੍ਹਾਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਤੇ ਉਨ੍ਹਾਂ ਦੇ ਅਨਿੰਨ ਸਿਖ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੇ ਰੱਬੀ ਭਾਣੇ ਵਿਚ ਆਪਣੇ ਮਹਾਨ ਬਲੀਦਾਨ ਦਿਤੇ। ਇਨ੍ਹਾਂ ਪਿਆਰਿਆਂ ਦਾ ਇਕੋ ਹੀ ਕਸੂਰ ਸੀ ਕਿ ਇਹ ਆਪਣੇ ਗੁਰਦੇਵ ਦੇ ਪਾਏ ਹੋਇ ਸਿੱਖੀ ਦੇ ਪੂਰਨਿਆਂ ਤੇ ਚਲਣ ਲਈ ਦ੍ਰਿੜ੍ਹ ਸਨ ਤੇ ਇਸ ਸਿਦਕ ਤੋਂ ਹਿਲਣਾ ਉਨ੍ਹਾਂ ਨੂੰ ਭਾਣੇ ਵਿਰੁੱਧ ਲਗਦਾ ਸੀ। ਉਨ੍ਹਾਂ ਨੇ ਭਾਣਾ ਮੰਨ ਕੇ ਸਿਖ ਇਤਿਹਾਸ ਨੂੰ ਚਾਰ ਚੰਨ ਲਾ ਦਿਤੇ।

ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥੨੫॥ [ਗਉੜੀ ਵਾਰ–੩੧੪

ਨੌਵੇਂ ਗੁਰਦੇਵ ਨੇ ਸੰਸਾਰ ਦੇ ਸਾਹਮਣੇ ਭਾਣਾ ਮੰਨਣ ਦਾ ਇਕ ਮਹਾਨ ਕਾਰਨਾਮਾ ਕਰ ਦਿਖਾਇਆ। ਆਪ ਨੇ ਭਾਣੇ ਵਿਚ ਸੀਸ ਦੇ ਦਿਤਾ, ਪਰ 'ਸੀ'* ਨ ਉਚਾਰੀ। ਇਸ ਲਈ ਕਿ 'ਸੀ' ਉਚਾਰਨ ਨਾਲ ਭਾਣੇ ਵਿਚ ਵਿਘਨ ਪੈਂਦਾ ਹੈ। ਦਾਤਾਰ ਵਾਹਿਗੁਰੂ ਦੇ ਅਟੱਲ ਹੁਕਮ ਨੂੰ ਭਾਣਾ ਮੰਨਣ ਵਾਲਾ ਵਿਅਕਤੀ ਕਦੇ ਵੀ ਚੁਨੌਤੀ ਨਹੀਂ ਦਿੰਦਾ, ਸਗੋਂ ਉਹ ਤਾਂ ਭਾਣੇ ਅੰਦਰ ਵਡੇ ਤੋਂ ਵਡਾ ਕਸ਼ਟ ਸਹਾਰ ਕੇ ਵੀ ਅਡੋਲ ਤੇ ਪ੍ਰਸੰਨ-ਚਿਤ ਰਹਿੰਦਾ ਹੈ। ਏਸੇ ਲਈ ਉਸ ਦੀ 'ਸੁਰ ਲੋਕ' ਵਿਚ ਜੈ ਜੈ ਕਾਰ ਹੁੰਦੀ ਹੈ, ਉਸਦਾ ਨਾਂ ਰਹਿੰਦੀ ਦੁਨੀਆ ਤਕ ਕਾਇਮ ਰਹਿੰਦਾ ਹੈ।

ਦਸਮੇਸ਼ ਗੁਰਦੇਵ ਜੀ ਨੇ ਤਾਂ ਭਾਣਾ ਮੰਨਣ ਵਿਚ ਕਮਾਲ ਹੀ ਕਰ ਵਿਖਾਇਆ। ਪਿਤਾ ਦਾ ਬਲੀਦਾਨ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਅਤਿ ਪਿਆਰੇ ਸਿੱਖਾਂ ਦੀ ਸ਼ਹੀਦੀ, ਪਾਤਸ਼ਾਹ ਹੁੰਦਿਆਂ ਦਰਵੇਸ਼ੀ ਦੀ ਹਾਲਤ ਵਿਚੋਂ ਲੰਘਣਾ, ਸਭ ਕੁਝ ਖਿੜੇ ਮੱਥੇ ਸਹਾਰ ਲਿਆ। ਏਸੇ ਲਈ–

ਹੱਕਸ਼ ਬਰ ਗੁਜ਼ੀਦਹ ਜ਼ਿ ਹਰਬਰ ਗੁਜ਼ੀਂ ॥ ਨਿਸ਼ਾਂਨਦ ਜ਼ਿ ਹਰ ਬਰਤਰੇ ਬਰਤਰੀਂ ॥੩॥

ਜੋਤਿ ਬਿਕਾਸ–ਭਾ: ਨੰਦ ਲਾਲ ਜੀ

*ਭਾਈ ਗੁਰਦਾਸ ਜੀ, ਵਾਰ ੧, ਪਉੜੀ ੪੮



www.AKJ.Org

ਅਰਥਾਤ, ਅਕਾਲ ਪੁਰਖ ਨੇ ਸਾਰੇ ਪੈਗੰਬਰਾਂ ਚੋਂ ਉਸਨੂੰ (ਦਸਮੇਸ਼ ਜੀ ਨੂੰ) ਛਾਂਟ ਲਿਆ ਤੇ ਉਸਨੂੰ ਉੱਚੇ ਤੋਂ ਉੱਚੇ ਸਿੰਘਾਸਨ ਤੇ ਬਿਰਾਜਮਾਨ ਕੀਤਾ।

ਪੰਥ ਦੀਆਂ ਅਨੇਕ ਪ੍ਰਸਿਧ ਹਸਤੀਆਂ ਨੇ ਭਾਣਾ ਮੰਨ ਕੇ ਵਾਹਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਇਨ੍ਹਾਂ ਵਿਚ ਭਾ: ਮਨੀ ਸਿੰਘ, ਭਾ: ਤਾਰੂ ਸਿੰਘ, ਭਾ: ਸੁਬੇਗ ਸਿੰਘ, ਸ਼ਾਹਬਾਜ਼ ਸਿੰਘ, ਬਾਬਾ ਦੀਪ ਸਿੰਘ ਤੇ ਅਨੇਕਾਂ ਪੁਰਾਤਨ ਤੇ ਨਵੀਨ ਸਿੰਘਾਂ ਸਿੰਘਣੀਆਂ ਨੇ ਪੰਥ ਦੇ ਨਾਂ ਨੂੰ ਰੌਸ਼ਨ ਕੀਤਾ ਤੇ ਭਾਣਾ ਮੰਨਣ ਦੀਆਂ ਸ਼ਾਨਦਾਰ ਰਵਾਇਤਾਂ ਕਾਇਮ ਕੀਤੀਆਂ। ਮੀਰ ਮੰਨੂੰ ਦੀ ਕੈਦ ਵਿਚ ਸਵਾ ਸਵਾ ਮਣ ਪੀਸਣ ਪੀਸ ਕੇ, ਖੰਨੀ ਖੰਨੀ ਰੋਟੀ ਤੇ ਨਿਰਬਾਹ ਕਰ ਕੇ, ਜਿਗਰ ਦੇ ਟੋਟਿਆਂ ਦੇ ਟੁਕੜੇ ਕਰਵਾ ਕੇ, ਗਲਾਂ ਵਿਚ ਉਨ੍ਹਾਂ ਦੇ ਹਾਰ ਪਵਾ ਕੇ, ਅਖਾਂ ਸਾਹਮਣੇ ਉਨ੍ਹਾਂ ਨੂੰ ਨੇਜ਼ਿਆਂ ਤੇ ਟੰਗਿਆ ਜਾਂਦਾ ਵੇਖ ਕੇ, ਪੰਥ ਦੀਆਂ ਸੂਰਬੀਰ ਸਿੰਘਣੀਆਂ ਨੇ ਹਰ ਰੋਜ਼ ਇਹੀ ਅਰਦਾਸ ਕੀਤੀ– "ਸੱਚੇ ਪਾਤਸ਼ਾਹ ! ਤੇਰੇ ਭਾਣੇ ਵਿਚ ਦਿਨ ਸੁਖ ਅਨੰਦ ਨਾਲ ਬੀਤਿਆ ਹੈ।"

ਸਦਕੇ ਜਾਈਏ ਇਨ੍ਹਾਂ ਉੱਚ ਰੂਹਾਂ ਦੀ ਭਾਣਾ ਮੰਨਣ ਦੀ ਸ਼ਕਤੀ ਤੋਂ। ਸੰਸਾਰ ਦੀ ਕੋਈ ਵੀ ਕੌਮ ਇਹੋ ਜਹੀ ਮਿਸਾਲ ਪੈਦਾ ਨਹੀਂ ਕਰ ਸਕੀ, ਕਿਉਂਕਿ ਇਹ ਦਾਤ ਤਾਂ ਕੇਵਲ ਸਿਦਕੀ ਸਿਖਾਂ ਨੂੰ ਹੀ ਮਿਲੀ ਹੈ–

ਭਾਣੈ ਜੇਵਡ ਹੋਰ ਦਾਤਿ ਨਾਹੀ...॥੧੧॥ [ਮਾਰੂ ਵਾਰ ਮ: ੩–੧੦੯੩

ਇਸ ਵਡਿਆਈ ਨੂੰ ਕੇਵਲ ਗੁਰੂ ਕੇ ਸਿਖਾਂ ਨੇ ਹੀ ਸਮਝਿਆ ਹੈ ਤੇ ਪਾਇਆ ਹੈ–

ਭਾਣੈ ਵਿਚਿ ਵਡੀ ਵਡਿਆਈ...॥੩॥ [ਮਾਰੂ ਸੋਲਹੇ ਮ: ੩–੧੦੯੩-੯੪

ਇਹ ਵਡਿਆਈ ਪਾ ਕੇ ਭਾਣਾ ਮੰਨਣ ਵਾਲਾ ਸਿਖ ਵਾਹਿਗੁਰੂ ਦੇ ਭਾਣੇ ਤੋਂ ਬਲਿਹਾਰ ਜਾਂਦਾ ਹੈ :–

ਤੇਰੇ ਭਾਣੇ ਨੋ ਕੁਰਬਾਣੁ ॥੪॥੧॥੨੨॥ [ਧਨਾਸਰੀ ਮ: ੫–੬੭੬

ਭਾਣਾ ਮੰਨਣ ਕਰਕੇ ਜੋ ਸੁਖ ਮਿਲਦਾ ਹੈ, ਸਿਖ ਉਸਨੂੰ ਜਾਣਦਾ ਹੈ, ਸਮਝਦਾ ਹੈ ਤੇ ਮਾਣਦਾ ਹੈ।

ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ, ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥੧੫॥ [ਮਾਝ ਮ: ੩–੧੧੯

ਗੁਰੂ ਕਾ ਸਿਖ ਭਾਣੇ ਨੂੰ ਦੁਖਦਾਈ ਨਹੀਂ ਸਮਝਦਾ, ਸਗੋਂ ਅੰਮ੍ਰਿਤ ਸਮਝ ਕੇ ਮੰਨ ਲੈਂਦਾ ਹੈ। ਇਸਤਰ੍ਹਾਂ ਭਾਣਾ ਮੰਨਣ ਵਾਲੇ ਦਾ ਰਖਵਾਲਾ ਵਾਹਿਗੁਰੂ ਆਪ ਹੀ ਹੁੰਦਾ ਹੈ।

ਵਰਤਮਾਨ ਸਮੇਂ ਵਿਚ ਵੀ ਭਾਣਾ ਮੰਨਣ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ। ਸੰਤ ਬਾਬਾ ਅਤਰ ਸਿੰਘ ਜੀ ਨੇ ਭਾਣਾ ਮੰਨ ਕੇ 'ਖਸਮ ਦਾ ਮਹਲ' ਪਾਇਆ ਤੇ 'ਦਰਗਾਹ ਵਿਚ ਪੈਧੇ' ਜਾਣ ਦਾ ਸੁਭਾਗ ਪ੍ਰਾਪਤ ਕੀਤਾ। ਕਿਹਾ ਜਾਂਦਾ ਹੈ ਕਿ ਆਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਸ-ਮਗਨ ਬੈਠੇ ਸਨ ਕਿ ਹੇਠੋਂ ਕਾਲੇ ਨਾਗ ਨੇ ਆ ਕੇ ਡਸ ਲਿਆ। ਇਹ ਸਮਾਂ ਇਸ ਮਹਾ ਪੁਰਸ਼ ਦੀ ਭਾਣਾ ਮੰਨਣ ਦੀ ਸ਼ਕਤੀ ਦੀ ਪਰਖ ਦਾ ਸੀ। ਆਪ ਨੇ ਉਸ ਸਮੇਂ ਪੂਰਨ ਅਡੋਲ ਰਹਿ ਕੇ ਇਸ ਘਟਨਾ ਨੂੰ ਰੱਬੀ ਹੁਕਮ ਮੰਨ ਕੇ, ਕਿਸੇ ਦੁਖ ਪੀੜਾ ਦਾ ਪ੍ਰਗਟਾਅ ਨਾ ਕੀਤਾ ਅਤੇ ਸਮਾਂ ਪੁਜਣ ਤੇ ਚੋਲਾ ਛਡ ਦਿਤਾ। ਇਸ ਤਰ੍ਹਾਂ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਅਸੀਸਾਂ ਦੇ ਪਾਤਰ ਬਣੇ।

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥...
ਤਾ ਦਰਗਹ ਪੈਧਾ ਜਾਇਸੀ ॥੧੫॥ [ਆਸਾ ਵਾਰ ਮ: ੧–੪੭੧

ਗੁਰਸਿਖ ਪਰਵਾਰਾਂ ਵਿਚ ਜਦੋਂ ਕਦੇ ਕੋਈ ਜੀਅ ਅਕਾਲ ਚਲਾਣਾ ਕਰਦਾ ਹੈ ਤਾਂ ਵਿਛੜੀ ਆਤਮਾ ਦੇ ਗੁਰੂ-ਚਰਨਾਂ ਵਿਚ ਸਦੀਵੀ ਨਿਵਾਸ ਲਈ ਅਰਦਾਸ ਦੇ ਨਾਲ ਨਾਲ ਪਰਵਾਰ ਲਈ ਵੀ ਭਾਣਾ ਮੰਨਣ ਦੀ ਜੋਦੜੀ ਕੀਤੀ ਜਾਂਦੀ ਹੈ। ਗੁਰਮਤਿ ਅਨੁਸਾਰ ਸਾਰੇ ਦੁਖ-ਸੁਖ, ਕਸ਼ਟ, ਨਫੇ-ਘਾਟੇ ਵਾਹਿਗੁਰੂ ਦੇ ਹੁਕਮ ਵਿਚ ਹੀ ਵਾਪਰਦੇ ਹਨ। ਗੁਰਸਿਖਾਂ ਲਈ ਇਨ੍ਹਾਂ ਨੂੰ ਭਾਣਾ ਮੰਨ ਕੇ ਪ੍ਰਵਾਨ ਕਰਨ ਦਾ ਹੁਕਮ ਹੈ–

ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ ॥੨॥੧੨॥ [ਰਾਮਕਲੀ ਕੀ ਵਾਰ, ਮ: ੫–੯੬੩

ਇਸ ਤਰ੍ਹਾਂ ਜੀਵਨ-ਪੰਧ ਨੂੰ ਸੁਖਾਲਾ ਕਰਨ ਲਈ, ਵਾਹਿਗੁਰੂ ਦੀ ਬਖਸ਼ਸ਼ ਪ੍ਰਾਪਤ ਕਰਨ ਲਈ ਹੁਕਮ ਮੰਨਣਾ, ਭਾਣੇ ਵਿਚ ਰਹਿਣਾ ਜ਼ਰੂਰੀ ਹੈ। ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥

ਸੋਈ ਕਮਾਵੈ ਜੋ ਸਾਹਿਬ ਭਾਵੈ, ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥–ਮਾਝ ਮ: ੫–੧੦੧



www.AKJ.Org

# ਮਹਾਨ ਸ਼ਹੀਦੀ ਸਮੇਂ ਅਡੋਲਤਾ ਦਾ ਆਧਾਰ

[ਭਾਈ ਨਰੈਣ ਸਿੰਘ ਜੀ ਐਮ.ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਕਿਸੇ ਮਹਾਨ ਆਤਮਾ ਦਾ ਸਹੀ ਸਰੂਪ ਉਸ ਦੀ ਰਚਨਾ ਵਿਚੋਂ ਹੀ ਲਭਿਆ ਕਰਦਾ ਹੈ। ਸਾਡੇ ਪਾਸ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਪਾਵਨ ਬਾਣੀ ਦੇ ਰੂਪ ਵਿਚ ਮੌਜੂਦ ਹੈ, ਜਿਸ ਵਿਚ ਅਸੀਂ ਉਨ੍ਹਾਂ ਦਾ ਸਹੀ ਸਰੂਪ ਵੇਖ ਸਕਦੇ ਹਾਂ ਅਤੇ ਉਨ੍ਹਾਂ ਦੀ ਬਲਵਾਨ ਆਤਮਾ ਦਾ ਝਲਕਾਰਾ ਲੈ ਸਕਦੇ ਹਾਂ। ਜਿਤਨੀ ਜ਼ਿਆਦਾ ਇਸ ਦੀ ਡੂੰਘਾਈ ਵਿਚ ਜਾਵਾਂਗੇ, ਉਤਨੀ ਸਪੱਸ਼ਟਤਾ ਉਸ ਝਲਕ ਅੰਦਰ ਦਿਸੇਗੀ। ਇਸ ਨੂੰ ਗੁਰੂ ਸਾਹਿਬ ਦੀ ਸ਼ਹੀਦੀ ਦਾ ਧਾਰਮਿਕ ਵਿਸ਼ਲੇਸ਼ਣ ਕਿਹਾ ਜਾਏ ਜਾਂ ਕੁਝ ਹੋਰ, ਇਹ ਇਕ ਨਿਮਾਣਾ ਜਿਹਾ ਜਤਨ ਹੀ ਹੈ। ਇਸ ਬਾਰੇ ਵਧੇਰੇ ਸੋਝੀ ਤਾਂ ਕੋਈ ਗੁਰੂ ਦਰੋਂ ਵਰੋਸਾਏ ਹੋਏ ਐਸੇ ਗੁਰਮੁਖ ਹੀ ਦੇ ਸਕਣਗੇ ਜਿਨ੍ਹਾਂ ਸਤਿਗੁਰੂ ਜੀ ਦੀ ਬਾਣੀ ਦੇ ਅੰਮ੍ਰਿਤ-ਉਪਦੇਸ਼ਾਂ ਨੂੰ ਨਿਰਾ ਜਾਣਿਆ ਹੀ ਨਹੀਂ, ਬਲਕਿ ਮਾਣਿਆ ਭੀ ਹੈ; ਕਿਉਂਕਿ ਇਸ ਅਨਭਵੀ ਬਾਣੀ ਦਾ ਅੰਮ੍ਰਿਤ-ਰਸ ਤੇ ਇਸ ਦੀ ਸੋਝੀ ਅਨਭਵ ਅੰਦਰ ਹੀ ਸੰਭਵ ਹੈ।

ਇਸ ਪ੍ਰਥਾਇ ਗੁਰਬਾਣੀ ਅੰਦਰ ਦ੍ਰਿੜ੍ਹਾਈ ਇਕ ਅਸੂਲੀ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸੰਸਾਰ ਅੰਦਰ ਆਏ ਹਰੇਕ ਪ੍ਰਾਣੀ ਦੀ ਹੋਂਦ 'ਆਤਮਾ' ਅਤੇ 'ਸਰੀਰ' ਦੋਹਾਂ ਦੇ ਸੰਜੋਗ ਤੋਂ ਹੈ। ਆਤਮਾ ਸੂਰਜ ਦੀ ਕਿਰਨ ਵਾਂਗ ਪਰਮਾਤਮਾ ਦੀ ਇਕ ਨੰਨੀ ਜਿਹੀ ਅੰਸ਼ ਹੈ ਅਤੇ ਸਰੀਰ (ਹਵਾ-ਪਾਣੀ-ਅਗਨੀ-ਧਰਤ ਤੇ ਅਕਾਸ਼) ਪੰਜਾਂ ਤੱਤਾਂ ਦੇ ਜੁਗਤ ਭਰਪੂਰ ਮੇਲ ਤੋਂ ਬਣਿਆ ਹੈ। ਕਿਸੇ ਪੂਰਬਲੇ ਸੰਜੋਗ ਤੇ ਕਿਰਤ ਕਾਰਨ ਜਦ ਇਹ ਇਕੱਠੇ ਹੋਏ ਤਾਂ ਪ੍ਰਾਣੀ ਹੋਂਦ ਵਿਚ ਆਇਆ–

ਕਾਇਆ ਹੰਸਿ ਸੰਜੋਗੁ ਮੇਲਿ ਮੇਲਾਇਆ ॥੪॥ [ਵਾਰ ਮਾਝ–੧੩੯

ਕਿਉਂਕਿ ਜੀਵ ਦੀ ਪੈਦਾਇਸ਼ ਦਾ ਕਾਰਨ ਇਨ੍ਹਾਂ ਦਾ ਮੇਲ ਹੀ ਹੈ, ਇਸ ਲਈ ਇਨ੍ਹਾਂ ਦਾ ਆਪਸੀ ਸੰਬੰਧ ਬਹੁਤ ਗੂੜ੍ਹਾ ਹੈ। ਪਰਮਾਤਮਾ ਦੀ ਅੰਸ਼ ਹੋਣ ਕਰਕੇ ਆਤਮਾ ਸਦ-ਜੀਵੀ ਹੈ, ਪਰ ਸਰੀਰ ਮਿੱਟੀ ਦਾ ਪੁਤਲਾ ਹੈ, ਨਾਸਮਾਨ ਹੈ। ਆਤਮਾ ਤੋਂ ਬਿਨਾਂ ਸਰੀਰ ਕੁਝ ਵੀ ਨਹੀਂ। ਸਰੀਰ ਦੀ ਸਾਰੀ ਦੇਖ-ਭਾਲ ਆਤਮਾ ਕਰਕੇ ਹੀ ਹੈ, ਅਤੇ ਇਸ ਦੇ ਕਰਨ ਵਾਲਾ ਵੀ ਆਤਮਾ ਹੀ ਹੈ। ਸੋ ਜੀਵਨ ਅੰਦਰ ਆਤਮਾ ਆਜ਼ਾਦ ਅਤੇ ਕਰਨਹਾਰ (ਫ਼ਾਇਲੀ) ਹੋਂਦ ਹੈ, ਅਤੇ ਸਰੀਰ ਆਤਮਾ ਦੀ ਮੁਥਾਜ (ਮਫ਼ਊਲੀ ਜਾਂ dependant) ਹੋਂਦ। ਸਰੀਰ ਦੇ ਛੋਟੇ ਮੋਟੇ ਸਾਰੇ ਦੁਖ ਸੁਖ ਆਤਮਾ ਦੇ ਦੁਖ ਸੁਖ ਬਣ ਜਾਂਦੇ ਹਨ, ਅਤੇ ਆਤਮਾ ਇਨ੍ਹਾਂ ਵਿਚ ਉਲਝ ਕੇ ਆਪਣਾ ਅਸਲਾ (ਕਿ ਉਹ ਸਦੀਵੀ ਰਹਿਣ ਵਾਲੇ ਪਰਮਾਤਮਾ ਦੀ ਅੰਸ਼ ਹੈ) ਭੁਲ ਹੀ ਜਾਂਦਾ ਹੈ। ਇਸ ਦਸ਼ਾ ਦਾ ਅਲੰਕਾਰਕ ਵਰਨਣ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਅੰਦਰ ਇਉਂ ਕੀਤਾ ਹੈ–

ਸੰਗੀ ਜੋਗੀ ਨਾਰਿ ਲਪਟਾਣੀ ॥ ਉਰਝਿ ਰਹੀ ਰੰਗ ਰਸ ਮਾਣੀ ॥
ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥੧॥ .....
ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ ॥ ਜੋ ਪਾਵੈ ਸੋ ਆਣਿ ਦਿਖਾਵੈ ॥
ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ ॥੩॥ [ਮਾਰੂ ਸੋਲਹੇ ਮ: ੫–੧੦੭੨

ਆਤਮਾ ਵਾਸਤਵ ਵਿਚ ਇਕ ਬੈਰਾਗੀ ਤਿਆਗੀ ਜੋਗੀ ਦੀ ਨਿਆਈਂ ਸੀ। ਸਰੀਰ ਵਿਚ ਵਾਸਾ ਹੋ ਜਾਣ 'ਤੇ ਸਰੀਰ ਆਤਮਾ ਨਾਲ ਇਉਂ ਲਿਪਟ ਗਿਆ ਜਿਵੇਂ ਨਾਰ ਆਪਣੇ ਪਤੀ ਨਾਲ ਲਿਪਟੀ ਰਹਿੰਦੀ ਹੈ। ਇਹ ਪਿਛਲੇ ਜਨਮਾਂ ਦੀ ਕਿਰਤ ਅਨੁਸਾਰ ਪਏ ਸੰਜੋਗਾਂ ਕਾਰਨ ਇਕੱਠੇ ਹੋਏ ਸਨ, ਪਰ ਹੁਣ ਇਹ ਆਪਸੀ ਪਿਆਰ ਤੇ ਮੌਜ-ਮੇਲਿਆਂ ਵਿਚ ਉਲਝ ਬੈਠੇ ਹਨ।......ਸਰੀਰ ਰੂਪ ਇਸਤ੍ਰੀ ਜੋ ਮੰਗਦੀ ਹੈ, ਆਤਮਾ ਉਸ ਦੇ ਪੂਰਾ ਕਰਨ ਲਈ ਨਠਾ ਫਿਰਦਾ ਹੈ, ਅਤੇ ਜੋ ਪ੍ਰਾਪਤ ਹੁੰਦਾ ਹੈ ਸਰੀਰ ਦੇ ਅਰਪਨ ਕਰ ਦੇਂਦਾ ਹੈ। ਚੂੰਕਿ ਸਰੀਰ ਦੀਆਂ ਮੰਗਾਂ ਅਨਗਿਣਤ ਹਨ ਅਤੇ ਉਸ ਦੀ ਭੁਖ ਪਿਆਸ ਮਿਟਦੀ ਹੀ ਨਹੀਂ, ਆਤਮਾ ਰੂਪ ਪਤੀ ਸਰੀਰ ਦੀਆਂ ਲੋੜਾਂ ਪੂਰੀਆਂ


www.AKJ.Org

ਕਰਨ ਵਿਚ ਉਲਝਿਆ ਹੋਇਆ, ਆਪਣੀ ਪ੍ਰਾਪਤ ਕਰਨ ਜੋਗ ਵਸਤੂ (ਨਾਮ) ਤਕ ਪਹੁੰਚ ਹੀ ਨਹੀਂ ਸਕਦਾ।

ਇਸ ਤਰ੍ਹਾਂ ਸਰੀਰ ਦੇ ਸਾਰੇ ਦੁਖ ਸੁਖ ਆਤਮਾ ਦੇ ਦੁਖ ਸੁਖ ਬਣ ਜਾਂਦੇ ਹਨ, ਅਤੇ ਆਤਮਾ, ਜੋ ਵਾਸਤਵ ਵਿਚ ਸਰੀਰ ਦਾ ਮਾਲਕ ਜਾਂ ਸਰਦਾਰ ਸੀ, ਸਰੀਰ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ, ਬਲਕਿ ਆਤਮਾ ਸਰੀਰ ਤੋਂ ਵਖਰੀ ਹੋਂਦ ਰਖਣ ਦਾ ਅਹਿਸਾਸ ਹੀ ਗਵਾ ਲੈਂਦਾ ਹੈ, ਅਤੇ ਸਰੀਰਕ ਦੁਖਾਂ ਸੁਖਾਂ ਨਾਲ ਇਉਂ ਲਿਪਟਿਆ ਰਹਿੰਦਾ ਹੈ ਜਿਵੇਂ ਕਿ ਇਹ ਇਸ ਦਾ ਹੀ ਭਾਗ ਹਨ।

ਜੇ ਆਤਮਾ ਦੇ ਅੰਦਰ ਇਹ ਅਹਿਸਾਸ ਸਥਿਰ ਹੋ ਜਾਏ ਕਿ ਇਹ ਸਰੀਰ ਨਹੀਂ, ਬਲਕਿ ਇਸ ਤੋਂ ਨਿਆਰਾ ਹੈ, ਅਤੇ ਅਜਿਹੀ ਹੋਂਦ ਦਾ ਭਾਗ ਹੈ ਜੋ 'ਸਤ' ਅਥਵਾ ਸਦੀਵੀ ਰਹਿਣ ਵਾਲੀ ਹੈ, ਜੋ ਅਤਿ ਖੇੜਾ ਹੀ ਖੇੜਾ ਜਾਂ "ਅਨੰਦੀ ਸਰੂਪੇ" ਹੈ– ਸਤਿ ਸੁਹਾਣੁ ਸਦਾ ਮਨਿ ਚਾਉ ॥੨੧॥ [ਜਪੁਜੀ

ਤਾਂ ਇਸ ਨੂੰ ਕਿਸੇ ਕਾਲ ਵੀ ਕੋਈ ਦੁਖ-ਕਲੇਸ਼ ਨਹੀਂ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਐਸੀ ਹੋਂਦ ਨੂੰ ਇਕ ਸ਼ਬਦ ਵਿਚ ਅਤਿ ਅਸਚਰਜ ਅਤੇ ਅਨੂਪ (ਉਪਮਾ ਤੋਂ ਪਰੇ) ਦਸਦੇ ਹੋਏ ਇਉਂ ਬਿਆਨ ਕੀਤਾ ਹੈ–

ਅਚਰਜ ਕਥਾ ਮਹਾ ਅਨੂਪ ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲ' ॥ ਨਾ ਇਸੁ ਦੂਖੁ ਨਹੀ ਜਮ ਜਾਲਾ ॥
ਨਾ ਇਹੁ ਬਿਨਸੈ ਨਾ ਇਹੁ ਜਾਇ ॥ ਆਦਿ ਜੁਗਾਦੀ ਰਹਿਆ ਸਮਾਇ ॥੧॥
ਨਾ ਇਸੁ ਉਸਨੁ ਨਹੀ ਇਸੁ ਸੀਤੁ ॥ ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥
ਨਾ ਇਸੁ ਹਰਖੁ ਨਹੀ ਇਸੁ ਸੋਗੁ ॥ ਸਭੁ ਕਿਛੁ ਇਸ ਕਾ ਇਹੁ ਕਰਨੈਜੋਗੁ ॥੨॥
ਨਾ ਇਸੁ ਬਾਪੁ ਨਹੀ ਇਸੁ ਮਾਇਆ ॥ ਇਹੁ ਅਪਰੰਪਰੁ ਹੋਤਾ ਆਇਆ ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥ ਘਟ ਘਟ ਅੰਤਰਿ ਸਦ ਹੀ ਜਾਗੈ ॥੩॥ [ਗੋਂਡ ਮ: ੫–੮੬੮

ਇਸ ਜੀਵਾਤਮਾ ਦੀ ਕਥਾ ਬੜੀ ਅਸਚਰਜ ਅਤੇ ਕਿਸੇ ਨਾਲ ਉਪਮਾਏ ਜਾਣ ਤੋਂ ਪਰੇ ਹੈ। ਇਹ ਜੀਵਾਤਮ ਪਾਰਬ੍ਰਹਮ ਦਾ ਹੀ ਰੂਪ ਹੈ, ਉਸੇ ਦੀ ਹੀ ਅੰਸ਼ ਹੈ। ਆਤਮਾ ਕਦੀ ਬੁਢਾ ਜਾਂ ਬਾਲ ਨਹੀਂ ਹੁੰਦਾ, ਇਸ ਨੂੰ ਸਰੀਰ ਜਾਂ ਜਮਾਂ ਦਾ ਦੁਖ ਨਹੀਂ ਹੁੰਦਾ। ਨਾ ਇਹ ਨਾਸ ਹੁੰਦਾ ਹੈ, ਨਾ ਇਸ ਦਾ ਅੰਤ ਹੁੰਦਾ ਹੈ। ਇਹ ਆਦਿ ਜੁਗਾ ਤੋਂ ਕਾਇਮ ਹੈ। ਇਸ ਨੂੰ ਗਰਮੀ ਸਰਦੀ ਪੋਂਹਦੀ ਨਹੀਂ। ਨਾ ਹੀ ਇਸ ਦਾ ਕੋਈ ਵੈਰੀ ਹੈ ਤੇ ਨਾ ਹੀ ਕੋਈ ਮਿਤਰ ਇਸ ਨੂੰ ਖ਼ੁਸ਼ੀ ਜਾਂ ਗ਼ਮੀ ਪੋਹ ਨਹੀਂ ਸਕਦੀ। ਸਭ ਕੁਝ ਇਸੇ ਦਾ ਹੀ ਹੈ ਤੇ ਇਹੋ ਹੀ ਆਪਣੇ ਆਪ ਦਾ ਕਰਨਹ ਹੈ। ਇਸ ਦਾ ਕੋਈ ਮਾਂ ਪਿਉ ਨਹੀਂ, ਸਗੋਂ ਇਹ ਤਾਂ ਸਰੀਰਕ ਹੱਦਾਂ ਤੋਂ ਪਰੇ ਹੈ ਅਤੇ ਪਰੇ ਹੀ ਰਹੇਗਾ। ਆਪ ਅਸਲੇ ਵਿਚ ਇਹ ਪਾਪ ਪੁੰਨ ਦੇ ਅਸਰਾਂ ਤੋਂ ਭੀ ਉਤੇ ਹੈ ਅਤੇ ਹਰ ਸਰੀਰ ਅੰਦਰ ਇਹ ਚੇਤੰਨ ਰਹਿੰਦਾ ਹੈ।

ਆਤਮਾ ਦੇ ਸਰੀਰਕ ਹੱਦਾਂ ਤੋਂ ਪਰੇ ਤੇ ਸਦਾ ਚੇਤੰਨ ਹੋਣ ਬਾਰੇ ਐਸ਼ੀ ਦ੍ਰਿੜ੍ਹਤਾ, ਜਿਸ ਦਾ ਸੰਖੇਪ ਵਰਣ ਇਸ ਸ਼ਬਦ ਵਿਚ ਆਇਆ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਤਮ-ਬਲੀ ਹੋਣ ਦੀ ਸਾਖ ਭਰਦਾ ਹੈ। ਸੰਸ ਦੀਆਂ ਪਕੜਾਂ ਤੋਂ ਆਪ ਦਾ ਹਿਰਦਾ ਕਿੰਨਾ ਉਪਰ ਉਠ ਚੁਕਾ ਸੀ, ਇਸ ਦੀ ਵੰਨਗੀ ਆਪ ਜੀ ਦੇ ਇਕ ਸਲੋਕ ਇਉਂ ਮਿਲਦੀ ਹੈ–

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥
ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ॥੧॥੯॥ [ਵਾਰ ਗੂਜਰੀ–੫

ਮੇਰੇ ਹਿਰਦੇ ਅੰਦਰ ਤੇਰੀ ਮੁਹੱਬਤ ਏਨੀ ਡੂੰਘੀ ਸਮਾਈ ਹੋਈ ਹੈ ਕਿ ਸੰਸਾਰ ਰੂਪੀ ਨਦੀ ਨੂੰ ਤਰਦਿਆਂ ਮੇਰੇ ਇਸ ਦੇ ਮੋਹ-ਮਮਤਾ ਵਿਚ ਨਹੀਂ ਖੁਭਦੇ, ਅਤੇ ਤੇਰੇ ਚਰਨਾਂ ਸੰਗ ਮੇਰਾ ਹਿਰਦਾ ਇਉਂ ਸੀਤਾ ਪਿਆ ਹੈ ਕਿ ਨਦੀ ਨੂੰ ਪਾਰ ਕਰਨ ਲਈ ਤੇਰਾ ਪਿਆਰ ਹੀ ਮੇਰੇ ਲਈ ਤੁਲਹਾ ਜਾਂ ਬੇੜੀ ਬਣੀ ਹੋਈ ਹੈ।

ਇਹ ਮੁਹੱਬਤ ਕਿਸ ਪਾਇ (standard) ਦੀ ਹੋਣੀ ਚਾਹੀਦੀ ਹੈ, ਇਸ ਬਾਰੇ ਸ੍ਰੀ ਗੁਰੂ ਅਮਰਦਾਸ ਜੀ ਮਹਾਂ ਵਾਕ ਆਪ ਦੇ ਸਾਹਮਣੇ ਹੈ– "ਆਤਮਾ ਦੂਵੈ ਰਹੈ ਲਿਵ ਲਾਇ ॥" (੬੬੧)



www.AKJ.Org

ਅਰਥਾਤ ਪਿਆਰ ਅੰਦਰ ਆਤਮਾ ਪਿਘਲ ਕੇ ਨਰਮੀ ਫੜੇ ਅਤੇ ਇਸ ਦੀ ਲਿਵ ਪਰਮਾਤਮਾ ਵਿਚ ਇਉਂ ਲਗ ਜਾਏ ਕਿ–

ਆਤਮਾ ਪਰਾਤਮਾ ਏਕੋ ਕਰੈ ॥ ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥ [ਧਨਾਸਰੀ–੬੬੧

ਆਤਮਾ ਤੇ ਪਰਮਾਤਮਾ ਇਕ-ਰੂਪ ਹੋ ਜਾਣ ਅਤੇ ਹਿਰਦੇ ਦੀ ਦਵੈਤ ਅੰਦਰ ਹੀ ਗ਼ਰਕ ਹੋ ਜਾਵੇ। ਅਜਿਹੀ ਅਵਸਥਾ ਅੰਦਰ ਆਤਮਾ, ਜੋ ਇਸ ਤੋਂ ਪਹਿਲੋਂ ਸਰੀਰ-ਪ੍ਰਾਇਣ ਹੋਏ ਹੋਣ ਕਾਰਨ, ਸਰੀਰਕ ਦੁਖਾਂ ਸੁਖਾਂ ਦਾ ਭਾਗੀ ਬਣਿਆ ਹੁੰਦਾ ਹੈ, ਪ੍ਰਭੂ-ਪ੍ਰਾਇਣ ਹੋ ਜਾਂਦਾ ਹੈ, ਅਤੇ ਸਰੀਰ ਨਾਲ ਉਸ ਦਾ ਸੰਬੰਧ, ਕੇਵਲ ਸਰੀਰ ਨੂੰ ਜੀਵਤ ਰਖਣ ਤਕ ਹੀ ਸੀਮਤ ਰਹਿੰਦਾ ਹੈ।

ਇਹ ਅਹਿਸਾਸ ਕਿ ਮੈਂ ਸਰੀਰ ਨਹੀਂ, ਸਗੋਂ ਮੈਂ 'ਜੋਤਿ ਸਰੂਪ' ਹਾਂ, ਅਤੇ ਸਰੀਰ ਨਾਲ ਤਾਂ ਮੇਰਾ ਸੰਜੋਗੀ ਮੇਲ ਹੈ, ਜੋ ਸੰਜੋਗ ਦਾ ਸਮਾਂ ਪੂਰਾ ਹੋਣ ਤੇ ਟੁਟ ਜਾਣਾ ਹੈ, ਆਤਮਾ ਨੂੰ ਆਪਣੇ ਅਸਲੇ ਨਾਲ ਜੋੜਨ ਅਤੇ ਸਰੀਰ ਨੂੰ ਓਪਰਾ ਜਾਣਨ ਵਿਚ ਸਹਾਈ ਹੁੰਦਾ ਹੈ, ਸਗੋਂ ਆਤਮਾ ਬਿਦੇਹ ਹੋਣ ਦੇ ਧਿਆਨ ਲਗਦਾ ਹੈ, ਅਥਵਾ ਦੇਹ ਦੇ ਹੁੰਦੇ ਹੋਏ ਵੀ ਦੇਹ-ਰਹਿਤ-ਜੀਵਨ ਜੀਊਣ ਦੀ ਹਾਲਤ ਅਨੁਭਵ ਕਰਦਾ ਹੈ। ਐਸੀ ਦਸ਼ਾ ਦਾ ਨਿਰਣਾ, ਗੁਰੂ ਕੇ ਕੀਰਤਨੀਏ ਭਾਈ ਹੀਰਾ ਸਿੰਘ ਪ੍ਰਤੀ, ਉਨ੍ਹਾਂ ਦੀ ਅੰਤਮ ਸਮੇਂ ਦੀ ਅਤਿ ਤਕਲੀਫ ਵਿਚ, ਸੰਤ ਅਤਰ ਸਿੰਘ ਜੀ ਦੇ ਕਹੇ ਹੋਏ ਇਹ ਸ਼ਬਦ ਦੇਂਦੇ ਸਨ, ''ਭਾਈ ਹੀਰਾ ਸਿੰਘ ਜੀ, ਦਰਦ ਤਾਂ ਤੁਹਾਡੇ ਸਰੀਰ ਨੂੰ ਹੈ, ਤੁਸੀਂ ਬਿਦੇਹ ਹੋ ਜਾਉ, ਦਰਦ ਹਟ ਜਾਏਗਾ।''

ਜਦੋਂ ਹਿਰਦੇ ਦੀ ਐਸੀ ਉਚ-ਅਵਸਥਾ ਹੋ ਜਾਏ ਤਾਂ ਫਿਰ ਸਰੀਰਕ ਦੁਖ ਦਰਦ ਹੁੰਦੇ ਹੋਏ ਵੀ ਅਣ-ਹੁੰਦੇ ਹੋ ਜਾਂਦੇ ਹਨ, ਕਿਉਂਕਿ–

ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥
ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥੨੨॥ [ਮ: ੫–੯੬੬

ਅੰਦਰ ਸੱਚੇ ਨਾਮ ਦੇ ਪਿਆਰ ਵਿਚ ਵਿੰਨ੍ਹਿਆ ਪਿਆ ਹੈ, ਬਾਹਰ ਭੀ ਮੈਨੂੰ ਹਰ ਥਾਂ ਸੱਚ ਪਸਰਿਆ ਪ੍ਰਤੀਤ ਹੁੰਦਾ ਹੈ। ਸਾਰੀਆਂ ਥਾਵਾਂ ਤੇ, ਸਾਰੀ ਸ੍ਰਿਸ਼ਟੀ, ਰੁਖਾਂ ਬਿਰਖਾਂ ਕੱਖਾਂ ਅਤੇ ਰੋਮ ਰੋਮ ਅੰਦਰ, ਓਹੋ ਪ੍ਰਭੂ ਰਮ ਰਿਹਾ ਹੈ–

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥ [ਕਾਨੜਾ ਮ: ੫–੧੨੯੯

ਆਪ ਜੀ ਉਸ ਸਜਣ-ਪ੍ਰਭੂ ਨੂੰ ਹਰੇਕ ਵਿਚ ਰਵਿਆ ਵੇਖ ਵੇਖ ਕੇ ਅਨੰਦਤ ਹੋ ਰਹੇ ਹਨ। ਆਪ ਜੀ ਨੂੰ ਐਸਾ ਜਿੰਦ-ਜਾਨ ਤੋਂ ਪਿਆਰਾ ਪ੍ਰਭੂ ਆਪਣੇ ਨਿਕਟ ਖਲੋਤਾ ਪ੍ਰਤੀਤ ਹੋ ਰਿਹਾ ਹੈ–

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥
ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥੧॥ [ਰਾਮਕਲੀ ਮ. ੫–੯੨੪

ਇਸੇ ਲਈ ਆਪ ਫੁਰਮਾਂਦੇ ਹਨ ਕਿ ਮੈਂ ਉਲਾਂਭਾ ਕਿਸ ਨੂੰ ਦੇਵਾਂ, ਜਦ ਕਿ ਮੈਨੂੰ ਤਾਂ ਸਭ ਕੁਝ ਉਸ ਦਾ ਕੀਤਾ ਹੋਣ ਕਰਕੇ ਮਿਠਾ ਲਗ ਰਿਹਾ ਹੈ–

ਉਲਾਹਨੋ ਮੈ ਕਾਹੂ ਨ ਦੀਓ ॥ ਮਨ ਮੀਠਾ ਤੁਹਾਰੋ ਕੀਓ ॥ [ਨਟ ਨਾਰਾਇਨ ਮ: ੫

ਸੋ– ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥
ਬੁਰਾ ਨਾਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥੧॥ [ਕਾਨੜਾ ਮ: ੫–੧੩੦੨

ਉਨ੍ਹਾਂ ਦੇ ਨੇਤਰਾਂ ਵਿਚ ਸਭ ਸੁਖ ਹੀ ਸੁਖ ਅਤੇ ਭਲਾ ਹੀ ਭਲਾ ਸਮਾਇਆ ਹੁੰਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਅਡੋਲਤਾ ਦਾ ਆਧਾਰ ਆਪ ਦਾ ਐਸਾ ਵਿਸ਼ਵਾਸ ਸੀ ਕਿ–

(੧) ਆਤਮਾ ਦੀ ਹੋਂਦ ਸਰੀਰ ਤੋਂ ਬਿਲਕੁਲ ਨਿਆਰੀ ਤੇ ਅਲੱਗ ਥਲੱਗ ਹੈ। ਇਸ ਦਾ ਸਰੀਰ-ਪ੍ਰਾਇਣ ਹੋ ਵਿਚਰਨਾ ਹੀ ਦੁਖਾਂ ਦਾ ਕਾਰਨ ਹੈ। ਜੇ ਇਹ ਪਰਮਾਤਮਾ-ਪ੍ਰਾਇਣ ਹੋ ਜਾਵੇ, ਅਥਵਾ ਪਰਮਾਤਮਾ ਨਾਲ ਇਕ-ਸੁਰਤਾ ਧਾਰਨ ਕਰ ਲਵੇ ਤਾਂ ਕੋਈ ਦੁਖ ਕਲੇਸ਼ ਨਹੀਂ ਰਹਿ ਜਾਂਦਾ।


www.AKJ.Org

(੨) ਹਰ ਗੱਲ ਵਾਹਿਗੁਰੂ ਦੀ ਰਜ਼ਾ ਅਨੁਸਾਰ, ਉਸ ਦੇ ਹੁਕਮ ਅਧੀਨ ਵਰਤਦੀ ਹੈ, ਉਸ ਦੇ ਵਰਤਾਏ ਹਰ ਹੁਕਮ ਨੂੰ ਮਿੱਠਾ ਕਰ ਮੰਨਣ ਨਾਲ ਦੁਖ ਭੈ ਦੂਰ ਹੋ ਜਾਂਦੇ ਹਨ।

(੩) ਵਾਹਿਗੁਰੂ ਦਾ ਹੁਕਮ ਤਦੋਂ ਹੀ ਮਿੱਠਾ ਲਗਦਾ ਹੈ ਜੇਕਰ ਉਸ ਦੇ ਲਈ ਡੂੰਘਾ ਪਿਆਰ ਅਤੇ ਅਟੁੱਟ ਲਗਨ ਹੋਵੇ। ਜੈਸਾ ਪਿਆਰ ਤੇ ਲਗਨ ਗੁਰੂ ਅਰਜਨ ਦੇਵ ਜੀ ਦੇ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਨਿਰਾ ਐਸਾ ਵਿਸ਼ਵਾਸ ਹੀ ਨਹੀਂ ਸਨ ਰਖਦੇ, ਸਗੋਂ ਵਾਹਿਗੁਰੂ ਦੀ ਦਰਗਾਹੋਂ ਬਖ਼ਸ਼ਸ਼ ਹੋਏ ਨਾਮ-ਅੰਮ੍ਰਿਤ ਦਾ ਝਰਨਾ ਉਨ੍ਹਾਂ ਦੇ ਹਿਰਦੇ ਅੰਦਰ ਸਦਾ ਇਕ-ਰਸ ਝਰਦਾ ਰਹਿੰਦਾ, ਜਿਸ ਕਾਰਨ ਉਨ੍ਹਾਂ ਦਾ ਅੰਦਰਲਾ ਸਦਾ ਸਰਸ਼ਾਰ ਰਹਿੰਦਾ। ਇਸ ਅਨੰਦ-ਭਰਪੂਰ ਅਵਸਥਾ ਵਿਚ ਕਿਸੇ ਤਰ੍ਹਾਂ ਦਾ ਵੀ ਕੋਈ ਸਰੀਰਕ ਕਸ਼ਟ ਅਸਰ-ਅੰਦਾਜ਼ ਨਹੀਂ ਸੀ ਹੋ ਸਕਦਾ। ਕਿਉ ਕਿ–

ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥੯॥ (ਪੰਨਾ ੩੨੦)

ਸ੍ਰੀ ਗੁਰੂ ਅਰਜਨ ਦੇਵ ਜੀ ਉਸੇ ਤਰ੍ਹਾਂ ਇਕ ਵਿਸ਼ਵ-ਸ਼ਹੀਦ ਦਾ ਸਥਾਨ ਰਖਦੇ ਹਨ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ-ਧਰਮ-ਗ੍ਰੰਥ ਹੋਣ ਦਾ, ਅਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਰੀ ਮਨੁਖਤਾ ਨੂੰ ਸਰਬ-ਸਾਂਝੇ ਪਿਤਾ ਨਿਰੰਕਾਰ ਨਾਲ ਜੋੜਨ ਵਾਲਾ ਵਿਸ਼ਵ-ਸਥਾਨ ਹੋਣ ਦਾ।

ਆਦਿ ਗ੍ਰੰਥ ਸਾਹਿਬ ਸੰਸਾਰ ਭਰ ਦੇ ਅਧਿਆਤਮਕ ਖੇਤਰ ਅੰਦਰ ਪਸਰੀ ਅਨੇਕਤਾ ਨੂੰ ਏਕਤਾ ਪ੍ਰਦਾਨ ਕਰਦਾ; ਮਨੁਖਤਾ ਅੰਦਰ ਆਪੋ ਵਿਚਲੇ ਭੇਦ-ਭਾਵ ਮਿਟਾ ਕੇ, ਸਭ ਕਿਸੇ ਨੂੰ ਨਿਰੰਕਾਰੀ ਵਿਰਸੇ ਦਾ ਇਕ-ਸਮਾਨ ਸਾਂਝੀਵਾਲ ਹੋਣਾ ਦ੍ਰਿੜ੍ਹਾਉਂਦਾ ਅਤੇ ਨਿਰੰਕਾਰ ਨਾਲ ਇਕ-ਸੁਰਤਾ ਪ੍ਰਾਪਤ ਕਰਾਉਂਦਾ ਹੈ। ਜਾਗਤ ਜੋਤਿ ਸ਼ਬਦ-ਗੁਰੂ ਦਾ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਪ੍ਰਕਾਸ਼ ਅਤੇ ਏਥੋਂ ਕੀਰਤਨ ਰੂਪ ਵਿਚ ਗੁਰੂ ਬਾਣੀ ਦੀਆਂ ਨਿਰੰਤਰ ਝਿਮ-ਝਿਮ ਵਰਸਦੀਆਂ ਅੰਮ੍ਰਿਤ-ਬੂੰਦਾਂ, ਮਨੁਖ ਮਾਤਰ ਨੂੰ, ਭਾਵੇਂ ਉਹ ਕਿਸੇ ਦੇਸ, ਵਰਣ ਜਾਂ ਧਰਮ ਵਿਚ ਸ਼ਰਧਾ ਰਖਦਾ ਹੋਵੇ, ਨਿਰੰਕਾਰ ਦੇ ਅਨੁਭਵੀ ਦਰਸ਼ਨ ਕਰਾਉਂਦੀਆਂ ਅਤੇ ਨਾਮ-ਰਸ ਅੰਦਰ ਖੀਵਾ ਕਰਦੀਆਂ ਹਨ।

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੁੱਚੀ ਮਨੁਖਤਾ ਲਈ ਇਕ ਅਦੁੱਤੀ ਮਿਸਾਲ ਹੋ ਦਿਸਦ. ਹੈ ਨਾਮ ਰਸ ਅੰਦਰ ਖੀਵੇ ਹੋ ਚੁਕੇ ਮਨੁਖ ਦੇ ਅਜਰ ਨੂੰ ਜਾਣ ਸਕਣ ਅਤੇ ਅਬਦੀ ਜੀਵਨ ਪ੍ਰਾਪਤ ਕਰਨ ਦੀ–

ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥੨॥੧੭॥ (੫੫੫)

ਇਸ ਤਰ੍ਹਾਂ ਆਦਿ ਗ੍ਰੰਥ ਦੀ ਸੰਪਾਦਨਾ, ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸਿਰਜਨਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਜੋ ਇਕ ਆਦਰਸ਼ਕ ਵਿਅਕਤੀ ਦਾ ਚਿਤਰ ਪੇਸ਼ ਕਰਦੀ ਹੈ, ਕਿਸੇ ਇਕ ਸਮਾਜ, ਦੇਸ਼ ਤੇ ਮਜ਼ਹਬੀ ਅਕੀਦੇ ਦੀ ਉਲੀਕਣਾ ਨਹੀਂ ਕਰਦੇ, ਸਗੋਂ ਇਹ ਸਤਿਗੁਰਾਂ ਦਾ ਸਮੁੱਚੇ ਸੰਸਾਰ ਪ੍ਰਤੀ ਇਕ ਮਹਾਨ ਰਿਣ ਹੈ।

---

# ਮਰਣੁ ਮੁਣਸਾਂ ਸੂਰਿਆ ਹਕੁ ਹੈ

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥੩॥

[ਵਡਹੰਸੁ ਮ: ੧, ਪੰਨਾ ੫੭੯-੮੦



www.AKJ.Org

# ਇਤਿਹਾਸ ਗੁ: ਕਿਲ੍ਹਾ ਲੋਹਗੜ੍ਹ ਸਾਹਿਬ

[ਸ: ਪ੍ਰਿਥੀਪਾਲ ਸਿੰਘ ਕਪੂਰ ਪ੍ਰਿੰਸੀਪਲ, ਜੀ. ਜੀ. ਐਨ. ਖਾਲਸਾ ਕਾਲਜ, ਲੁਧਿਆਣਾ]

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਛੇਵੇਂ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਸਿੱਖ ਪੰਥ ਦੀ ਰੱਖਿਆ ਲਈ ਕੁਝ ਨਿੱਗਰ ਕਦਮ ਚੁੱਕਣੇ ਪਏ। ਸਿੱਖਾਂ ਵਿਚ ਸਵੈ-ਰੱਖਿਆ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਪੈਦਾ ਕਰਨ ਲਈ ਉਹਨਾਂ ਨੇ ਆਪ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਅਤੇ ਇਸ ਸੰਬੰਧੀ ਉਨ੍ਹਾਂ ਨੇ ਸਪੱਸ਼ਟ ਤੌਰ ਤੇ ਵਿਆਖਿਆ ਕੀਤੀ ਕਿ ਦੋਵੇਂ ਸੰਸਾਰਕ ਤੇ ਅਧਿਆਤਮਕ ਮਾਮਲੇ ਸਮੁੱਚੇ ਜੀਵਨ ਦੇ ਦੋ ਮਹੱਤਵਪੂਰਨ ਅੰਗ ਹਨ। ਧਾਰਮਿਕ ਵਿਸ਼ਵਾਸ ਦੀ ਸੁਤੰਤਰਤਾ ਤੇ ਰੱਖਿਆ ਲਈ ਦ੍ਰਿੜ੍ਹ ਸੰਕਲਪ ਤੇ ਸ਼ਸਤਰਧਾਰੀ ਹੋਣਾ ਜ਼ਰੂਰੀ ਸੀ। ਉਨ੍ਹਾਂ ਨੇ ਸਿੱਖਾਂ ਪਾਸੋਂ ਸ਼ਸਤਰਾਂ ਤੇ ਘੋੜਿਆਂ ਆਦਿ ਦੀ ਭੇਟਾ ਵੀ ਪ੍ਰਵਾਨ ਕਰਨੀ ਅਰੰਭ ਕਰ ਦਿੱਤੀ।

ਜਦੋਂ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਅੰਮ੍ਰਿਤਸਰ ਤੋਂ ਗ੍ਰਿਫਤਾਰ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਸਨ ਤਾਂ ਉਸ ਸਮੇਂ ਨਾਲ ਇਹ ਵੀ ਹੁਕਮ ਦਿੱਤਾ ਗਿਆ ਸੀ ਕਿ ਉਨ੍ਹਾਂ ਦੀ ਜਾਇਦਾਦ ਆਦਿ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤੀ ਜਾਵੇ। ਇਹਨਾਂ ਹਾਲਾਤ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਨੇ ਅੰਮ੍ਰਿਤਸਰ ਦੀ ਰਖਿਆ ਲਈ ਵੀ ਯੋਗ ਪ੍ਰਬੰਧ ਕਰਨ ਦਾ ਫ਼ੈਸਲਾ ਕਰ ਲਿਆ। ਅੰਮ੍ਰਿਤਸਰ ਨਗਰ ਦੁਆਲੇ ਫ਼ਸੀਲ ਖੜੀ ਕੀਤੀ ਗਈ ਅਤੇ ਲਾਹੌਰ ਵਾਲੀ ਬਾਹੀ ਵੱਲ ਗੁਰੂ ਸਾਹਿਬ ਨੇ ਕਿਲ੍ਹਾ ਬਣਵਾਇਆ, ਜਿਸ ਦਾ ਨਾਂ ਲੋਹਗੜ੍ਹ ਰਖਿਆ। ਇਸ ਕਿਲ੍ਹੇ ਦੀ ਸਿੱਖ ਇਤਿਹਾਸ ਵਿਚ ਚੋਖੀ ਮਹਾਨਤਾ ਹੈ, ਕਿਉਂਕਿ ਸਿੱਖ ਗੁਰੂ ਸਾਹਿਬਾਨ ਵਲੋਂ ਬਣਵਾਇਆ ਗਿਆ ਇਹ ਪਹਿਲਾ ਕਿਲ੍ਹਾ ਸੀ। ਇਸ ਕਿਲ੍ਹੇ ਵਿਚ ਗੁਰੂ ਸਾਹਿਬ ਨੇ 500 ਸਵਾਰਾਂ ਨੂੰ ਤਾਇਨਾਤ ਕੀਤਾ। ਸਿੱਖ ਰਵਾਇਤ ਅਨੁਸਾਰ ਭਾਈ ਭਾਨਾ ਜੀ ਇਸ ਕਿਲ੍ਹੇ ਦੇ ਕਿਲ੍ਹੇਦਾਰ ਥਾਪੇ ਗਏ।

ਜਹਾਂਗੀਰ ਦੀ ਮੌਤ ਪਿੱਛੋਂ ਜਦੋਂ ਸ਼ਾਹ ਜਹਾਨ ਮੁਗ਼ਲ ਸਮਰਾਟ ਬਣਿਆ ਤਾਂ ਉਸ ਨੇ ਫ਼ੁਰਮਾਨ ਜਾਰੀ ਕੀਤਾ ਕਿ ਇਸਲਾਮ ਤੋਂ ਬਿਨਾ ਕਿਸੇ ਹੋਰ ਧਰਮ ਦਾ ਪ੍ਰਚਾਰ, ਮੁਗ਼ਲ ਰਾਜ ਦੀਆਂ ਸੀਮਾਵਾਂ ਵਿਚ ਨਹੀਂ ਕੀਤਾ ਜਾ ਸਕਦਾ ਸੀ। ਇਹ ਸਿੱਧੇ ਤੌਰ ਤੇ ਗੁਰੂ ਹਰਿ ਗੋਬਿੰਦ ਸਾਹਿਬ ਲਈ ਇਕ ਅਸਹਿ ਕਾਰਵਾਈ ਸੀ। ਇਸੇ ਫ਼ੁਰਮਾਨ ਅਧੀਨ ਲਾਹੌਰ ਵਿਚ ਸਥਿੱਤ ਗੁਰਦੁਆਰਾ ਬਾਉਲੀ ਸਾਹਿਬ ਢਾਹ ਦਿਤਾ ਗਿਆ। ਇਸ ਕਾਰਵਾਈ ਨਾਲ ਗੁਰੂ ਜੀ ਦੇ ਦੋਖੀਆਂ/ਵਿਰੋਧੀਆਂ (ਜਿਨ੍ਹਾਂ ਵਿਚ ਪ੍ਰਿਥੀ ਚੰਦ ਦਾ ਪੁੱਤਰ ਮਿਹਰਬਾਨ, ਚੰਦੂ ਦਾ ਪੁੱਤਰ ਕਰਮ ਚੰਦ, ਸੁਲਹੀ ਖ਼ਾਨ ਦਾ ਪੁੱਤਰ ਜਮਾਲ ਖ਼ਾਂ ਸ਼ਾਮਿਲ ਸਨ) ਨੂੰ ਸ਼ਹਿ ਮਿਲ ਗਈ। ਉਨ੍ਹਾਂ ਦੀ ਗੁਰੂ ਜੀ ਵਿਰੁੱਧ ਮੁਗ਼ਲ ਹਾਕਮਾਂ ਨੂੰ ਭੜਕਾਉਣ ਲਈ ਲਾਹੌਰ ਅਤੇ ਆਗਰੇ ਦੀ ਆਵਾਜਾਈ ਵੱਧ ਗਈ। ਉਹਨਾਂ ਨੇ ਮੁਗ਼ਲ ਹਾਕਮਾਂ ਨੂੰ ਗੁਰੂ ਜੀ ਦਿਆਂ ਸਿੱਖਾਂ ਨੂੰ ਫੌਜੀ ਸਿਖਲਾਈ ਦੇਣ ਅਤੇ ਅੰਮ੍ਰਿਤਸਰ ਦੀ ਕਿਲ੍ਹੇ-ਬੰਦੀ ਆਦਿ ਵਰਗੀਆਂ ਕਾਰਵਾਈਆਂ ਵੱਲ ਉਚੇਚਾ ਧਿਆਨ ਦੁਆਇਆ ਤੇ ਉਹਨਾਂ ਨੂੰ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਲਈ ਉਤੇਜਿਤ ਕੀਤਾ। ਸਿੱਟੇ ਵੱਜੋਂ ਸ਼ਾਹ ਜਹਾਨ ਦੇ ਪੰਜਾਬ ਵਿਚ ਨਿਯੁਕਤ ਹਾਕਮ ਗੁਰੂ ਜੀ ਵਿਰੁੱਧ ਫੌਜ ਚੜ੍ਹਾਉਣ ਲਈ ਮੌਕੇ ਦੀ ਭਾਲ ਕਰਨ ਲੱਗੇ। ਮੌਕਾ ਉਹਨਾਂ ਨੂੰ ਉਦੋਂ ਮਿਲ ਗਿਆ ਜਦੋਂ ਗੁਮਟਾਲੇ ਦੀ ਸ਼ਿਕਾਰਗਾਹ, ਜੋ ਸ਼ਾਹੀ ਹਾਕਮਾਂ ਲਈ ਰਾਖਵੀਂ ਸੀ, ਵਿਚ ਮੁਗ਼ਲਾਂ ਅਤੇ ਸਿੱਖਾਂ ਦੀ ਅਚਾਨਕ ਭੇੜ ਹੋ ਗਈ। ਸ਼ਾਹੀ ਦਸਤੇ ਦਾ ਇਕ ਬਾਜ਼ ਸਿੱਖਾਂ ਨੇ ਫੜ ਲਿਆ ਅਤੇ ਵਾਪਸ ਦੇਣ ਤੋਂ ਇਨਕਾਰ ਕਰ ਦਿਤਾ। ਦਬਸਿਤਾਨ-ਏ-ਮਜ਼ਾਹਿਬ ਅਨੁਸਾਰ ਅੰਮ੍ਰਿਤਸਰ ਤੇ ਹਮਲਾ ਕੀਤਾ ਗਿਆ ਅਤੇ ਗੁਰੂ ਜੀ ਦਾ ਘਰ ਬਾਹਰ ਲੁੱਟ ਲਿਆ ਗਿਆ। ਇਹ ਘਟਨਾ 5 ਜੂਨ 1629 ਈ: ਮੁਤਾਬਕ 1686 ਸੰਮਤ ਬਿ: ਜੇਠ 23 ਦੀ ਹੈ। ਸਿੱਖਾਂ ਨੇ ਇਸ ਧਾਵੇ ਦਾ ਡੱਟ ਕੇ ਟਾਕਰਾ ਕੀਤਾ ਤੇ ਮੁਗ਼ਲ ਫ਼ੌਜਾਂ ਨੂੰ ਪਿਛੇ ਹਟਣਾ ਪਿਆ। ਸ਼ਾਹ ਜਹਾਨ ਨੂੰ ਇਹ ਚੰਗਾ ਨਾ ਲਗਾ, ਇਸ ਲਈ ਉਸ ਨੇ ਫ਼ੌਜਦਾਰ ਮੁਖ਼ਲਿਸ ਖ਼ਾਨ ਅਧੀਨ ਅੰਮ੍ਰਿਤਸਰ ਉਪਰ ਚੜ੍ਹਾਈ ਕਰਨ ਦਾ ਫ਼ੁਰਮਾਨ ਜਾਰੀ ਕਰ ਦਿਤਾ। ਗੁਰੂ ਜੀ ਨੇ ਭਾਈ ਬਿਧੀ ਚੰਦ ਨੂੰ ਅਗਾਊਂ ਦਸਤੇ ਦਾ ਆਗੂ ਬਣਾ ਕੇ ਭੇਜਿਆ ਅਤੇ ਉਸ ਦਾ ਮੁਗ਼ਲਾਂ ਨਾਲ ਪਿਪਲੀ ਸਾਹਿਬ ਦੇ ਨੇੜੇ ਮੁਕਾਬਲਾ ਹੋਇਆ। ਵਾਸਤਵ


www.AKJ.Org

ਵਿਚ ਇਸ ਸਮੇਂ ਅੰਮ੍ਰਿਤਸਰ ਦੇ ਆਲੇ ਦੁਆਲੇ ਸਭ ਪਾਸੇ ਜੰਗ ਛਿੜ ਪਈ, ਜਿਸ ਦਾ ਬਿਆਨ ਭਾਈ ਸੰਤੋਖ ਸਿੰਘ ਨੇ ਹੇਠ ਲਿਖੇ ਸ਼ਬਦਾਂ ਵਿਚ ਕੀਤਾ ਹੈ :-

ਸਰੋਹੀ ਚਲੀ ਬਾਡ ਵਾਰੀ ਹਲੱਬੀ । ਖਿਚੇ ਮਿਆਨ ਤੇਗੇ ਫੌਲਾਦੀ ਜੁਲੱਬੀ ॥
ਸੁ ਖੰਡੇ ਦੁਧਾਰੇ ਪ੍ਰਚੰਡੇ ਚਮੱਕੇ । ਚਲੀ ਸੈਫ਼ ਸਾਫ਼ਨ ਕਟੇ ਦੀਪ ਦਮੱਕੇ ॥
ਲਗੇ ਖੱਗ ਪੈ ਖੱਗ ਟੂਟੇ ਛਨੱਕੇ । ਗਰੇ ਮੇਂ ਸੰਜੋਏ ਇਕ ਤਾਂ ਸੋ ਝਨੱਕੇ ॥
ਚਲੇ ਸੇਲ ਮੇਲੇ ਭਈ ਰੇਲ ਪੇਲੇ । ਮਨੋ ਰੰਗੇ ਲੈ ਲੈ ਮਿਲੇ ਫਾਕ ਖੇਲੇ ॥

ਭਾਵ, ਭਾਰੀ ਵਾਢ ਕਰਨ ਵਾਲੀ ਹਲਬ ਹੀ ਸਰੋਹੀ ਚਲੀ । ਮਿਆਨ ਤੋਂ ਫ਼ੌਲਾਦੀ ਜਲੱਬੀ ਖਿਚੀ ਗਈ । ਦੋਧਾਰੇ ਖੰਡੇ ਤੇਜ਼ ਚਮਕੇ । ਕਟਨਹਾਰੀ ਸੈਫ਼ ਸਫ਼ਾ ਹੋ ਕੇ ਚਮਕਣ ਲਗੀ । ਤਲਵਾਰ ਤੇ ਤਲਵਾਰ ਪਈ ਟੁੱਟੀ ਤੇ ਛਣਕੀ । ਕਈਆਂ ਦੇ ਗਲੇ ਵਿਚ ਸੰਜੋਅ ਝਨਕਾਰ ਪਾਉਣ ਲੱਗੀ । ਨੇਜ਼ੇ ਚਲੇ ਤੇ ਧਮੱਕ ਧੱਕੇ ਹੋਣ ਲਗੇ । ਸੂਰਮੇ ਖ਼ੂਨ ਵਿਚ ਰੰਗੇ ਹੋਏ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ, ਜਿਸ ਤਰ੍ਹਾਂ ਹੋਲੀ ਦੇ ਖਿਡਾਰੀ ਰੰਗ ਖੇਡਦੇ ਹੋਣ । ਕੁਝ ਚਿਰ ਤਾਂ ਡੱਟ ਕੇ ਲੜਾਈ ਹੁੰਦੀ ਰਹੀ, ਪਰ ਫਿਰ ਸ਼ਾਹੀ ਦਸਤਿਆਂ ਦੇ ਪੈਰ ਖਿਸਕਣ ਲਗੇ । ਅਜਿਹਾ ਹੁੰਦਾ ਵੀ ਕਿਸ ਤਰ੍ਹਾਂ ਨਾ ! ਇਕ ਪਾਸੇ ਤਾਂ ਅਨਿਆਈਂ ਹਾਕਮਾਂ ਦੀ ਪਰਜਾ ਦੀ ਲੁੱਟ ਵਿਚੋਂ ਹਿੱਸੇ ਆਉਂਦੀ ਤਨਖਾਹ ਲੈਣ ਵਾਲੇ ਨੌਕਰ ਲੜ ਰਹੇ ਸਨ ਤੇ ਦੂਜੇ ਪਾਸੇ ਧਰਮ-ਯੁੱਧ ਦੇ ਚਾਅ ਵਿਚ ਸ਼ਹੀਦੀਆਂ ਪਾ, ਜੀਵਨ-ਮਨੋਰਥ ਪ੍ਰਾਪਤ ਕਰਨ ਵਾਲੇ ਬੀਰ ਰਸ ਮੱਤੇ ਯੋਧੇ ਸਨ, ਜਿਨ੍ਹਾਂ ਵਿਚੋਂ ਭਾਰੀ ਗਿਣਤੀ ਮਝੈਲਾਂ ਦੀ ਸੀ, ਜਿਨ੍ਹਾਂ ਦੀ ਸੂਰਮਗਤੀ ਜਗਤ-ਪ੍ਰਸਿੱਧ ਹੈ ।

ਅਜਿਹੀ ਲੜਾਈ ਸਭ ਪਾਸੇ ਭਖਦੀ ਵੇਖ ਕੇ ਗੁਰੂ ਹਰਿ ਗੋਬਿੰਦ ਸਾਹਿਬ ਆਪ, ਲੋਹਗੜ੍ਹ ਕਿਲ੍ਹੇ ਵਿਚ ਚਲੇ ਗਏ ਅਤੇ ਲੜਾਈ ਦੀ ਕਮਾਨ ਉਨ੍ਹਾਂ ਆਪ ਸੰਭਾਲ ਲਈ । ਜਦੋਂ ਮੁਖ਼ਲਿਸ ਖ਼ਾਨ ਨੂੰ ਪਤਾ ਲੱਗਾ ਕਿ ਗੁਰੂ ਜੀ ਆਪ ਲੋਹਗੜ੍ਹ ਕਿਲ੍ਹੇ ਵਿਚ ਪੁੱਜ ਗਏ ਹਨ ਤਾਂ ਉਸ ਨੇ ਆਪਣਾ ਸਾਰਾ ਧਿਆਨ ਕਿਲ੍ਹੇ ਨੂੰ ਸਰ ਕਰਨ ਵੱਲ ਲਾ ਦਿੱਤਾ । ਇਕ ਸਮੇਂ ਤਾਂ ਕਿਲ੍ਹੇ ਦੀ ਇਕ ਦੀਵਾਰ ਢਾਹੁਣ ਵਿਚ ਧਾੜਵੀ ਫ਼ੌਜਾਂ ਸਫਲ ਵੀ ਹੋ ਗਈਆਂ, ਪਰ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਦੁਆਰਾ, ਦੀਵਾਰ ਰਾਤੋ ਰਾਤ ਮੁੜ ਉਸਾਰ ਲਈ । ਇਸੇ ਸਮੇਂ ਗੁਰੂ ਜੀ ਦਾ ਜਰਨੈਲ ਪੈਂਦੇ ਖ਼ਾਨ ਅਗਾਊਂ ਦਸਤੇ ਨਾਲ ਪਿੱਪਲੀ ਸਾਹਿਬ ਨੇੜੇ ਲੜਾਈ ਕਰ ਰਿਹਾ ਸੀ । ਉਸ ਨੇ ਕਿਲ੍ਹੇ ਵਲ ਜਾਂਦੀ ਮੁਗਲ ਫੌਜਾਂ ਦੀ ਕੁਮਕ ਨੂੰ ਰਾਹ ਵਿਚ ਹੀ ਰੋਕ ਲਿਆ । ਭਾਵੇਂ ਸਿੱਖ ਫੌਜਾਂ ਪਾਸ ਮੁਗਲਾਂ ਵਰਗੇ ਚੰਗੇ ਹਥਿਆਰ ਨਹੀਂ ਸਨ, ਪਰ ਉਹਨਾਂ ਕੋਲ ਧਾਰਮਿਕ ਵਿਸ਼ਵਾਸ ਤੇ ਗੁਰੂ ਪ੍ਰਤੀ ਨਿਸ਼ਚਾ ਜ਼ਰੂਰ ਸੀ, ਜਿਸ ਦਾ ਅਨੁਮਾਨ ਇਸ ਇਕ ਘਟਨਾ ਤੋਂ ਹੀ ਲਗ ਸਕਦਾ ਹੈ ਕਿ ਕਿਲ੍ਹੇ ਵਿਚ ਸਿੱਖ ਫੌਜਾਂ ਨੂੰ ਹਥਿਆਰਾਂ ਦੀ ਇਤਨੀ ਥੁੜ ਮਹਿਸੂਸ ਹੋਈ ਕਿ ਕਿਲ੍ਹੇ ਅੰਦਰਲੇ ਇਕ ਰੁੱਖ ਦੇ ਮੁੱਢ ਨਾਲ ਕਾਠ ਦੀ ਤੋਪ ਬਣਾ ਕੇ ਹੀ ਵੈਰੀਆਂ ਤੇ ਗੋਲੇ ਵਰ੍ਹਾਏ ਗਏ । 'ਕਾਠ' ਦੀ ਇਹ 'ਤੋਪ' ਹੁਣ ਵੀ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਵਿਖੇ ਇਤਿਹਾਸਕ ਨਿਸ਼ਾਨੀ ਵਜੋਂ ਰੱਖੀ ਹੋਈ ਹੈ । ਇਸ ਲਈ ਉਹ ਧਾੜਵੀਆਂ ਨੂੰ ਪਿੱਛੇ ਹਟਾਉਣ ਵਿਚ ਸਫਲ ਹੋ ਗਏ । ਅਜਿਹੇ ਹਾਲਾਤ ਵਿਚ ਮੁਖ਼ਲਿਸ ਖ਼ਾਨ ਨੇ ਗੁਰੂ ਜੀ ਨਾਲ ਸੁਲਾਹ ਸਫਾਈ ਕਰ ਲੈਣ ਦਾ ਯਤਨ ਕੀਤਾ, ਤਾਂ ਜੁ ਉਹ ਮੁਗਲ ਦਰਬਾਰ ਵਿਚ ਆਪਣੀ ਜਿੱਤ ਦਾ ਭੁਲੇਖਾ ਬਣਾ ਸਕੇ । ਪਰ ਗੁਰੂ ਜੀ ਨੇ ਕਿਹਾ, ''ਅਸੀਂ ਫ਼ਕੀਰ ਹਾਂ, ਅਸੀਂ ਮੱਲਾਂ ਨਹੀਂ ਮਾਰਨੀਆਂ, ਪਰ ਕਿਸੇ ਨੂੰ ਅਜਾਂ ਆਪਣੀ ਅਣਖ ਨੂੰ ਰੋਲਣ ਵੀ ਨਹੀਂ ਦੇਣਾ ।''

ਅਗਲੇ ਦਿਲ ਲੜਾਈ ਦੌਰਾਨ ਗੁਰੂ ਜੀ ਥਾਂ ਪਰ ਥਾਂ ਜਾ ਕੇ ਆਪਣੀਆਂ ਫੌਜਾਂ ਦੇ ਹੌਸਲੇ ਵਧਾਉਂਦੇ ਰਹੇ । ਮੁਖ਼ਲਸਿਖ਼ਾਨ ਨੇ ਗੁਰੂ ਜੀ ਨੂੰ ਵੇਖ ਕੇ ਦੁਵੱਲੀ ਭੇੜ ਲਈ ਵੰਗਾਰਿਆ । ਫਿਰ ਵਿਚਾਲੇ ਮੁਖ਼ਲਿਸ ਖ਼ਾਨ ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਲੜਾਈ ਹੋਣ ਲਗੀ । ਇਸ ਤੇ ਮੁਖ਼ਲਿਸ ਖ਼ਾਨ ਨੂੰ ਘੋੜਾ ਛੱਡਣਾ ਪਿਆ । ਗੁਰੂ ਜੀ ਨੇ ਵੀ ਘੋੜੇ ਤੋਂ ਉਤਰ ਕੇ ਮੁਖ਼ਲਿਸ ਖ਼ਾਨ ਨੂੰ ਲਲਕਾਰਿਆ । ਗੁਰੂ ਜੀ ਦੇ ਖੰਡੇ ਦੇ ਪਹਿਲੇ ਵਾਰ ਨਾਲ ਹੀ ਮੁਖ਼ਲਿਸ ਖਾਨ ਦਾ ਸਰੀਰ ਦੋ-ਫਾੜ ਹੋ ਗਿਆ । ਅਜਿਹਾ ਵੇਖ ਮੁਗਲ ਫੌਜਾਂ ਭੱਜ ਉਠੀਆਂ ਤੇ ਸਿੱਖ ਉਨ੍ਹਾਂ ਦਾ ਪਿੱਛਾ ਕਰਨ ਲਗੇ । ਪਰ ਗੁਰੂ ਜੀ ਨੇ ਸਿੱਖਾਂ ਨੂੰ ਭਜਦੀਆਂ ਫੌਜਾਂ ਉਪਰ ਵਾਰ ਕਰਨ ਤੋਂ ਵਰਜ ਦਿੱਤਾ । ਗੁਰੂ ਜੀ ਨੇ ਇਹ ਜਿੱਤ 25 ਜੇਠ



www.AKJ.Org

ਸੰਮਤ 1686 ਬਿ: ਨੂੰ ਪ੍ਰਾਪਤ ਕੀਤੀ। ਇਸ ਪ੍ਰਕਾਰ ਇਹ ਲੜਾਈ ਲਗ ਭਗ 20 ਦਿਨ ਜਾਰੀ ਰਹੀ।

ਲੋਹਗੜ੍ਹ ਕਿਲ੍ਹੇ ਅੰਦਰ ਸੂਰਮਗਤੀ ਨਾਲ ਲੜੇ ਗੁਰੂ ਜੀ ਦੇ ਕਈ ਸਿੱਖ ਸ਼ਹੀਦ ਹੋਏ। ਲੜਾਈ ਦੇ ਮੈਦਾਨ ਵਿਚੋਂ ਗੁਰੂ ਜੀ ਜਦੋਂ ਵਾਪਸ ਪਰਤੇ ਤਾਂ ਉਨ੍ਹਾਂ ਨੇ ਕਿਲ੍ਹੇ ਵਿਚ ਭਾਈ ਗੁਪਾਲਾ ਜੀ ਤੇ ਭਾਈ ਮੋਹਨ ਜੀ ਨੂੰ ਆਖ਼ਰੀ ਸਾਹ ਲੈਂਦੇ ਡਿੱਠਾ। ਗੁਰੂ ਜੀ ਨੇ ਇਹਨਾਂ ਸਿੱਖਾਂ ਨੂੰ ਕਈ ਵਰ ਪ੍ਰਦਾਨ ਕੀਤੇ। ਲੋਹਗੜ੍ਹ ਦੇ ਹਰ ਸਿੱਖ-ਸ਼ਹੀਦ ਦਾ ਗੁਰੂ ਜੀ ਨੇ ਆਦਰ ਸਹਿਤ ਖ਼ੁਦ ਆਪਣੇ ਹੱਥੀਂ ਸੰਸਕਾਰ ਕੀਤਾ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ :–

> ਸਾਈਂ ਦਾਸ ਪੈੜ ਬਲਖ, ਭਗਤੂ ਸੂਰ ਅਪਾਰਾ।
> ਅਨੰਤਾ ਬਲਖ ਅਨੰਤ ਥਾ, ਹਮਰੋ ਪ੍ਰੇਮ ਪਿਆਰਾ।
> ਨਿਹਾਲੂ ਤਖ਼ਤੂ ਏ ਬਡ ਸੂਰੇ, ਮੋਹਨ ਗੁਪਾਲ ਹੈ ਪ੍ਰਨ ਕੇ ਪੂਰੇ।
> ਏ ਸਨ ਤੇਰਹਿ ਸੂਰ ਅਪਾਰੇ, ਮਨ ਨਮਿਤ ਇਹ ਸੂਰ ਸਿਧਾਰੇ।

ਲੋਹਗੜ੍ਹ ਕਿਲ੍ਹੇ ਵਿਚ ਸ਼ਹੀਦ ਹੋਣ ਵਾਲੇ 13 ਪ੍ਰਮੁਖ ਸ਼ਹੀਦਾਂ ਦੇ ਨਾਂ ਇਹ ਸਨ :–ਭਾਈ ਨੰਦ ਜੀ, ਭਾਈ ਜੈਤ ਜੀ, ਭਾਈ ਪਿਰਾਨਾ, ਭਾਈ ਤੋਤਾ, ਭਾਈ ਤਿਲੋਕਾ, ਭਾਈ ਸਾਈਂ ਦਾਸ, ਭਾਈ ਪੈੜਾ, ਭਾਈ ਭਗਤੂ, ਭਾਈ ਅਨੰਤਾ, ਭਾਈ ਨਿਹਾਲਾ, ਭਾਈ ਤਖ਼ਤੂ, ਭਾਈ ਮੋਹਨ ਅਤੇ ਭਾਈ ਗੋਪਾਲਾ ਜੀ।

ਗੁਰਦੁਆਰਾ ਸ੍ਰੀ ਲੋਹਗੜ੍ਹ ਸਾਹਿਬ ਗੁਰੂ ਜੀ ਵਲੋਂ ਸਥਾਪਿਤ ਕੀਤੇ ਕਿਲ੍ਹੇ ਲੋਹਗੜ੍ਹ ਦੇ ਸਥਾਨ ਤੇ ਸਥਿਤ ਹੈ। ਇਹ ਗੁਰਦੁਆਰਾ ਸਿੱਖਾਂ ਦੀ ਸੂਰਮਗਤੀ, ਸ਼ਕਤੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਸੈਨਿਕ ਕੌਤਕਾਂ ਦੀ ਯਾਦ ਦਿਵਾਉਂਦਾ ਹੈ।

# ਕੀ ਇਹ ਸਿੱਖੀ ਹੈ ?

[ਗਿ: ਗੋਪਾਲ ਸਿੰਘ ਜੀ ਮਿੱਤਰ, 340/4, ਰਾਮ ਨਗਰ, ਗੁੜਗਾਉਂ]

ਕੀ ਇਹ ਸਿੱਖੀ ਹੈ ? ਸਿੱਖੀ ਰਵਾਇਤਾਂ ਤੇ, ਆਪੂੰ ਸਿਖ ਬਣ ਕੇ ਪਰਦੇ ਪਾਈ ਜਾਣਾ।
ਕੀ ਇਹ ਸਿੱਖੀ ਹੈ ? ਗੁਰਮਤਿ ਅਸੂਲ ਸਾਰੇ, ਛਿੱਕੇ ਟੰਗ ਕੇ ਸਿਖ ਅਖਵਾਈ ਜਾਣਾ।
ਕੀ ਇਹ ਸਿੱਖੀ ਹੈ ? ਮੁਜਰੇ ਤੇ ਨਾਚ-ਰੰਗ ਦੀ, ਭੈੜੀ ਵਾਦੀ ਨੂੰ ਨਿਸਦਿਨ ਵਧਾਈ ਜਾਣਾ।
ਕੀ ਇਹ ਸਿੱਖੀ ਹੈ ? ਸਿੱਖੀ ਅਮੋਲ ਵਿਰਸਾ, ਰੋਜ਼ ਭੰਗ ਦੇ ਭਾੜੇ ਲੁਟਾਈ ਜਾਣਾ।

'ਸਿੱਖੀ' ਗੁਰੂ-ਹੁਕਮਾਂ ਸੰਦੀ ਪਾਲਨਾ ਏ, ਹੋਰ ਵਿਚ ਸੰਸਾਰ ਦੇ ਨਹੀਂ ਸਿੱਖੀ।
ਗੁਰ-ਸ਼ਬਦ ਫ਼ੁਰਮਾਨ ਹੈ ਸਤਿਗੁਰੂ ਦਾ, ਬਿਨਾਂ ਸ਼ਬਦ-ਵੀਚਾਰ ਦੇ ਨਹੀਂ ਸਿੱਖੀ।
ਗੁਰ-ਉਪਦੇਸ਼ ਹੈ :– ਕੋਡ ਤਮਾਸ਼ਿਆਂ ਦੇ, ਕੌਤਕ ਵੇਖਣੇ ਨਰਕੀ-ਸੰਸਾਰ ਜੀਵਨ।
ਗੁਰੂ ਆਖਦੇ :– ਰੂਪ ਤੇ ਰੰਗ ਤਕ ਤਕ, ਬਣ ਜਾਂਦਾ ਏ ਮੰਦ-ਆਚਾਰ ਜੀਵਨ।

ਗੁਰ ਫ਼ੁਰਮਾਨ ਹੈ :– ਨਾਟਕਾਂ ਚੇਟਕਾਂ ਦੀ, ਭੈੜੀ ਦ੍ਰਿਸ਼ਟਿ ਤੋਂ ਲਵੋ ਸੁਧਾਰ ਜੀਵਨ।
ਗੁਰ ਸੰਦੇਸ਼ ਹੈ :– ਰੱਖੋ ਸੰਤੁਲਤ ਜੀਵਨ, ਵਿਸ਼ਿਆਂ ਵਿੱਚ ਨਾ ਕਰੋ ਉਜਾੜ ਜੀਵਨ।
ਆਪ ਬਚੋ ਤੇ ਕੌਮ ਬਚਾਉ ਸਿੰਘੋ, ਫ਼ਿਲਮਾਂ ਸਿਨਮਿਆਂ ਵਾਲੇ ਬਦਰੰਗ ਕੋਲੋਂ।
ਕਈ ਜਨਮ 'ਮਿੱਤਰ' ਮੈਲ ਉਤਰਨੀ ਨਹੀਂ, ਦੂਰ ਰਹੋ ਸਦ ਏਸ ਕੁਸੰਗ ਕੋਲੋਂ।



www.AKJ.Org

# ਚਰਨ ਕਮਲ ਕੀ ਮਉਜ (੨)

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## ਚਰਨ ਕਮਲਾਂ ਦੇ ਜਾਪ ਅਤੇ ਨਾਮ ਦੇ ਜਾਪ ਦੀ ਸਦਰਸਤਾ—

ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ ॥
ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ ॥੨॥੧॥੧੦॥

ਸੂਹੀ ਮ: ੫ ਛੰਤ, ੭੮੪

ਚਰਣ ਕਮਲ ਹਿਰਦੇ ਮਹਿ ਜਾਪੁ ॥ ਨਾਨਕੁ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥

ਗਉੜੀ ਮ: ੫, ਪੰਨਾ ੧੯੭

ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥
ਮਨ ਇਛੇ ਫਲ ਭੁੰਚਿ ਤੂੰ ਸਭੁ ਚੂਕੈ ਸੋਗੁ ਸੰਤਾਪੁ ॥੧॥ਰਹਾਉ॥......
ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥੧੭॥੮੭॥

ਸਿਰੀਰਾਗੁ ਮ: ੫, ਪੰਨਾ ੪੮

ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥੪॥੪੬॥

ਮਾਝ ਮ: ੫, ਪੰਨਾ ੧੦੭

ਚਰਨ ਕਮਲ ਠਾਕੁਰ ਉਰਿ ਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥

ਗਉੜੀ ਮ: ੫, ਪੰਨਾ ੧੯੦

ਹਰਿ ਸਿਮਰਤ ਸਭ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥
ਸੁਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥੭੫॥੧੪੪॥

ਗਉੜੀ ਮ: ੫, ਪੰਨਾ ੧੯੪

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥
ਸਦਾ ਸਦਾ ਸਿਮਰਹੁ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥

ਗਉੜੀ ਮ: ੫, ਪੰਨਾ ੧੯੬

ਸਿਮਰਤ ਸੁਆਮੀ ਕਿਲਵਿਖ ਨਾਸੇ ॥ ਸੂਖ ਸਹਜ ਅਨੰਦ ਨਿਵਾਸੇ ॥੧॥
ਰਾਮ ਜਨਾ ਕਉ ਰਾਮ ਭਰੋਸਾ ॥ ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ਰਹਾਉ॥
ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥੭੪॥੧੪੩॥

ਗਉੜੀ ਮ: ੫, ਪੰਨਾ ੧੯੪

ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ਰਹਾਉ॥
ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥੧॥੯੪॥੧੬੩॥

ਗਉੜੀ ਮ: ੫, ਪੰਨਾ ੧੯੮

ਇਸ ਪ੍ਰਕਾਰ ਦੇ ਅਨੇਕਾਂ ਗੁਰਵਾਕ ਹਨ, ਜੋ ਨਾਮ ਸਿਮਰਨ ਅਤੇ ਚਰਨ ਕੰਵਲ ਪਰਸਣ ਦੇ ਭਾਵ ਨੂੰ ਸਮਸਰ ਭੇਵ ਅਭੇਵ ਜਣਾਉਂਦੇ ਹਨ। ਸਿਮਰਨ ਦੀ ਅਥਾਹ ਕਮਾਈ ਦੁਆਰਾ ਜੋਤਿ ਪਰਜੁਅਲਤ ਹੋਇਆ ਨਾਮ ਭਗਤਿ-ਰਹੱਸ ਸੁਆਉ ਸੇਤੀ ਸੁਆਸਿ ਸੁਆਸਿ ਅਰਾਧਿਆ, ਪਾਰਸ-ਚਰਨ-ਕੰਵਲਾਂ ਦੇ ਆਰਾਧਨ ਰੂਪੀ ਪਾਰਸ ਪਰਸਾਉ ਦਾ



www.AKJ.Org

ਅਰਥ ਰਖਦਾ ਹੈ ਅਤੇ ਇਸ ਬਿਧਿ ਨਾਮ-ਰਸਾਇਣੀ-ਜੋਤਿ-ਕਲਾ ਦੁਆਰਾ ਰਤੰਨ-ਜੋਤੰਨੇ ਚਰਨ-ਕੰਵਲਾਂ ਦਾ ਮਨ ਤਨ ਅੰਦਰ ਵਸਣਾ ਅੰਤਰਗਤੀ ਦਰਸ਼ਨਾਂ ਦੀ ਨਦਰ ਨਾਲ ਨਿਹਾਲ ਕਰ ਦਿੰਦਾ ਹੈ। ਯਥਾ ਗੁਰਵਾਕ :–

ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥੬॥ ਗਉੜੀ ਥਿਤੀ, ਪੰਨਾ ੨੯੮

ਭਾਵ, ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਮਨ ਤਨ ਅੰਦਰ ਵੁਠਣਾ, ਚਰਨ ਕੰਵਲਾਂ ਵਾਲੇ ਪ੍ਰੀਤਮ ਦਾ ਨਿਕਟਵਰਤੀ ਦਰਸ਼ਨ ਝਲਕਾਉ ਹੈ। ਪ੍ਰਿਥਮ ਤੋਂ ਪ੍ਰਿਥਮ ਰਿਦੰਤਰਿ ਪ੍ਰਕਾਸ਼ ਹੋਇ ਜੋਤਿ-ਕਿਰਣ ਦਾ ਪ੍ਰਕਾਸ਼ ਚਰਨ ਕੰਵਲਾਂ ਦਾ ਪਰਤੱਖ ਦਰਸ਼ਨ ਹੈ। ਏਥੇ ਪਾਰਸ ਰੂਪੀ ਨਾਮ ਦਾ ਸਿਮਰਨ ਹੋਰ ਵਧੇਰੇ ਰਸ-ਜੋਤਿ ਕਲਾ ਵਿਚ ਸੁਆਸਿ ਸੁਆਸਿ ਵਿਲੋਵੀਦਾ ਹੈ। ਜਿਉਂ ਜਿਉਂ ਵਿਲੋਵੀਦਾ ਹੈ, ਤਿਉਂ ਤਿਉਂ ਅੰਤਰਿ ਭੋਈ ਜੋਤਿ-ਕਿਰਣ ਦਾ ਜੋਤਿ-ਪਸਾਰਾ ਭੀ ਹੋਰੋ ਹੋਰ ਵਧਦਾ ਜਾਂਦਾ ਹੈ। ਘਟ ਅੰਤਰ ਸਾਰੇ ਸਰੀਰ ਅੰਦਰ ਜੋਤਿ-ਚਾਨਣਾ ਹੀ ਚਾਨਣਾ ਪਸਰ ਜਾਂਦਾ ਹੈ। ਫੇਰ ਇਹ ਜੋਤਿ-ਪਸਾਰਾ ਪਿੰਡ (ਸਰੀਰ) ਤੋਂ ਵੀ ਅਗਾਹਾਂ ਸਫੁਟ ਹੋਇ ਹੋਇ ਬ੍ਰਹਿਮੰਡ ਵਿਖੇ ਪਸਰ ਜਾਂਦਾ ਹੈ। ਘਟਿ-ਨਾਭ ਵਿਚੋਂ ਵਿਸਥਰਤ ਹੋ ਕੇ ਆਕਾਸ਼ੀ ਨਭ-ਪੁਲਾੜ ਵਿਚ ਭੀ ਜਾ ਸਮਾਉਂਦਾ ਹੈ। ਏਥੇ ਏਸ ਜੋਤਿ-ਕਲਾ ਵਿਚ ਖੇਡ ਕੇ ਜਗਿਆਸੂ ਜਨ, ਜੋਤਿ ਅਭਿਆਸੂ ਗੁਰਮੁਖਿ ਪਿਆਰਾ, ਪ੍ਰੀਤਮ ਦੇ ਜੋਤਿ-ਜਗਮਗੀ-ਦਰਸ਼ਨ ਸਾਂਗੋ ਪਾਂਗ ਪੇਖਦਾ ਹੈ, ਪੇਖਿ ਪੇਖਿ ਵਿਗਸਦਾ ਹੈ ਅਤੇ ਨਿਹਾਲੋ ਨਿਹਾਲ ਹੋ ਹੋ ਜਾਂਦਾ ਹੈ ਅਤੇ ਜੋਤਿ-ਜਗੰਨੇ ਸੁਅਰਨੀ ਰੂਪ ਰੰਗ ਦੀ ਵੰਨੀ ਚੜ੍ਹੇ ਚੜ੍ਹਾਉ ਹੋਣ ਕਰਿ, ਲਾਲੋ ਲਾਲ ਜੋਤਿ ਜਮਾਲ ਅਤੇ ਤੇਜ ਜਲਾਲ ਜਲਵਨਾ ਹੋ ਜਾਂਦਾ ਹੈ। ਤਾਂ ਹੀ ਤਾਂ "ਨਾਮੁ ਜਪੰਦੜੀ ਲਾਲੀ" ਵਾਲੇ ਜੋਤਿ ਜਲਵਨੇ ਚੇਹਰਿਆਂ ਦੀ ਝਾਲ ਨਹੀਂ ਝੱਲੀ ਜਾਂਦੀ।

ਚਰਨ ਕੰਵਲਾਂ ਦੇ ਜਮਾਲ ਤੇ ਜਲਾਲ ਨੂੰ ਪੇਖਿ ਪੇਖਿ, ਭਗਤ ਜਨ ਜੁਹਾਰ, ਝੁਕ ਝੁਕ ਨਮਸਕਾਰ-ਬੰਦਨਾ ਕਰਦੇ ਹਨ ਤੇ ਬੰਦਨਾ ਕਰਿ ਕਰਿ ਚਰਨ-ਕੰਵਲਾਂ ਦਾ ਸਿਮਰਨ ਕਰੀ ਜਾਂਦੇ ਹਨ। ਭਗਤ ਜਨਾਂ ਦਾ ਇਹ ਚਰਨ-ਕੰਵਲ-ਲਿਵਤਾਰੀ-ਸਿਮਰਨ, ਦਰਸ਼ਨ ਬਹਾਰੀ ਭਗਤੀ ਭਾਉ ਵਿਚ, ਸਚਖੰਡ ਸਾਮ੍ਹਹੇ ਕਰਮ ਖੰਡ (ਨਦਰ ਖੰਡ) ਨਿਰੰਕਾਰਤਾ ਵਿਚ ਭੀ ਬਣਿਆ ਰਹਿੰਦਾ ਹੈ, ਜਿਥੇ ਅਨੇਕਾਂ ਭਗਤ ਜਨ ਨਿਤਾਪ੍ਰਤਿ ਪ੍ਰੀਤਮ ਦੇ ਚਰਨ-ਕੰਵਲਾਂ ਨੂੰ ਬੰਦਨਾ ਕਰਦੇ ਹੀ ਦਿਸਦੇ ਹਨ। ਜਿਹਾ ਕਿ :–

ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥੫॥੧੮॥
ਸੁਖਮਨੀ ਸਾਹਿਬ, ਪੰਨਾ ੨੮੭

ਤਿਥੈ ਭਗਤ ਵਸਹਿ ਕੇ ਲੋਇ ॥ ਕਰਹਿ ਅਨੰਦੁ ਸਚਾ ਮਨਿ ਸੋਇ ॥੩੭॥ ਜਪੁਜੀ, ਪੰਨਾ ੮

ਐਥੇ ਇਸ ਲੋਕ ਵਿਚ ਵੀ ਭਗਤ ਜਨ ਆਪਣੀ ਸਿਮਰਨ-ਭਗਤਿ-ਕਮਾਈ ਦੁਆਰਾ ਕਰਮ-ਖੰਡ ਸਾਰਖਾ ਹੀ ਚਰਨ ਕੰਵਲਾਂ ਦੀ ਮਉਜ ਦਾ ਆਨੰਦ ਮਾਣਦੇ ਹਨ। ਯਥਾ :-

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ ਚਰਨ ਕਮਲ ਗੁਰ ਰਿਦੈ ਬਸਾਇਆ ॥੧॥
ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ਰਹਾਉ॥
ਅਨਦਿਨੁ ਜਪਉ ਗੁਰੂ ਗੁਰ ਨਾਮੁ ॥ ਤਾ ਤੇ ਸਿਧਿ ਭਏ ਸਗਲ ਕਾਮ ॥੨॥
ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥
ਕਹੁ ਨਾਨਕ ਕਹਾ ਭੈ ਭਾਈ ॥ ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥
ਗਉੜੀ ਮ: ੫, ਪੰਨਾ ੨੦੨

ਨਾਮ ਨੂੰ ਸਿਮਰਨਹਾਰਾ ਭਗਤ ਜਨ, ਸਿਮਰ ਸਿਮਰ ਕੇ ਜਿਸ ਆਤਮ-ਸੁਖ ਨੂੰ ਪ੍ਰਾਪਤ ਹੁੰਦਾ ਹੈ, ਉਹ ਵਿਸ਼ੇਸ਼ ਆਤਮ ਸੁਖ, ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਦਾ ਰਿਦ ਭੀਤਰ ਸਮਾਵਣਾ ਹੈ। ਗੁਰਮਤਿ ਵਿਸ਼ੇਸ਼ ਸਿਮਰਨ, ਸੁਰਤ ਦੁਆਰਾ ਰਿਦ ਸਮਾਏ ਜੋਤਿ-ਕਿਰਣੀ-ਚਰਨ ਕੰਵਲਾਂ ਦਾ ਇਨਕਸ਼ਾਫ਼, ਗੁਰ ਪਾਰਬ੍ਰਹਮ ਪੂਰੇ


www.AKJ.Org

ਨੂੰ ਸਾਖਯਾਤਕਾਰ ਕਰਾਉਣ ਨੂੰ ਸਮਰੱਥ ਹੈ। ਤਾਂ ਤੇ ਅਰਾਧਨਹਾਰੇ ਦਾ ਮਨ ਚਰਨ ਕੰਵਲਾਂ ਨੂੰ ਅਰਾਧ ਕੇ ਧੀਰ ਜਾਂਦਾ ਹੈ, (ਧੀਰਜਵਾਨ ਹੋ ਜਾਂਦਾ ਹੈ)। ਉਸ ਨੂੰ ਧੀਰਜ ਆ ਜਾਂਦੀ ਹੈ ਕਿ ਚਰਨ ਕੰਵਲਾਂ ਵਾਲੇ ਪ੍ਰੀਤਮ ਦੇ ਪਰਤੱਖ ਦਰਸ਼ਨ ਦਿਦਾਰੇ ਭੀ ਨਿਕਟ ਹੀ ਹੋਣ ਵਾਲੇ ਹਨ। ਸੋ ਇਸ ਬਿਧ ਦ੍ਰਿੜ੍ਹ ਨਿਸਚਿਤ ਸ਼ਰਧਾਵਾਨ ਹੋ ਕੇ ਉਹ ਗੁਰੂ ਗੁਰੂ ਰੂਪੀ ਜਾਪ ਜਪਣ ਵਿਚ ਹੋਰ ਭੀ ਤਤਪਰ ਹੋ ਜਾਂਦਾ ਹੈ ਅਤੇ ਦਿਨ ਰਾਤ ਏਸ ਗੁਰੂ ਗੁਰੂ ਦੀ ਟੇਰ ਵਾਲੇ ਵਾਹਿਗੁਰੂ ਨਾਮ ਨੂੰ ਜਪੀ ਜਾਂਦਾ ਹੈ। ਜਿਸ ਦੇ ਜਪੀ ਜਾਣ ਕਰਕੇ ਉਸ ਜਪਣਹਾਰੇ ਦੇ ਹੋਰ ਸਾਰੇ ਮਨੋਰਥ ਭੀ ਸੁਤੇ ਸਿਧ ਪੂਰੇ ਹੋ ਜਾਂਦੇ ਹਨ। ਪਰਮ ਮਨੋਰਥ ਤਾਂ ਨਾਮ ਜਪਣ-ਹਾਰੇ ਦਾ ਗੁਰੂ-ਪ੍ਰੀਤਮ ਦੀ ਪ੍ਰਾਪਤੀ ਰੂਪ ਸਿਧੀ ਦਾ ਹੁੰਦਾ ਹੈ। ਪਰ ਇਸ ਪਰਮ ਪ੍ਰਯੋਜਨੀ ਸਿਮਰਨ ਦੇ ਪ੍ਰਤਾਪ ਕਰਕੇ ਨਾਮ ਸਿਮਰਨ-ਹਾਰੇ ਦੇ ਸੁਤੇ ਸਹਿਜ ਸੰਕਲਪਤ ਮਨੋਰਥ ਭੀ ਪੂਰੇ ਹੋ ਜਾਂਦੇ ਹਨ। ਏਹਨਾਂ ਮਨੋਰਥਾਂ ਦੇ ਪੂਰੇ ਹੋਣ ਕਰਿ, ਉਸ ਨੂੰ ਤਤ ਸ਼ਾਂਤੀ ਤਾਂ ਪ੍ਰਾਪਤ ਨਹੀਂ ਹੁੰਦੀ, ਓਹ ਤਾਂ ਦਰਸ਼ਨ-ਪ੍ਰਾਪਤੀ ਪਰ ਹੀ ਪ੍ਰਾਪਤ ਹੋਵੇਗੀ। ਜਦੋਂ ਦਰਸ਼ਨ-ਪ੍ਰਾਪਤ ਦਾ ਸੁਭਾਗ ਸਮਾਂ ਆਉਂਦਾ ਹੈ, ਓਦੋਂ ਬਸ ਓਦੋਂ ਹੀ :–

ਦਰਸਨ ਦੇਖਿ ਸੀਤਲ ਮਨ ਭਏ ॥ ਜਨਮ ਜਨਮ ਕੇ ਕਿਲਬਿਖ ਗਏ ॥੩॥ (ਪੰਨਾ ੨੦੨)

ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਇਹ ਸਿਮਰਨ ਰੂਪ ਚਰਨ ਕੰਵਲਾਂ ਦੇ ਧਿਆਨ ਦੀ ਮਹੱਤਤਾ ਹੈ, ਜੈਸਾ ਕਿ ਅਗਲਾ ਗੁਰਵਾਕ ਭੀ ਪ੍ਰੌੜ੍ਹਤਾ ਕਰਦਾ ਹੈ :–

ਸਿਮਰਿ ਸਿਮਰਿ ਕਾਟੇ ਸਭਿ ਰੋਗ ॥ ਚਰਣ ਧਿਆਨ ਸਰਬ ਸੁਖ ਭੋਗ ॥੬॥
ਪੂਰਨ ਪੁਰਖੁ ਨਵਤਨ ਨਿਤ ਬਾਲਾ ॥ ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥
ਕਹੁ ਨਾਨਕ ਹਰਿ ਹਰਿ ਪਦੁ ਚੀਨ ॥ ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥
ਗਉੜੀ ਮ: ੫, ਪੰਨਾ ੨੪੦

ਭਾਵ, ਨਾਮ ਦੀ ਪਾਰਸ-ਤਤ-ਸਿਮਰਨ-ਕਲਾ ਕਰਿ ਅਤੇ ਚਰਨ ਕੰਵਲਾਂ ਦੇ ਧਿਆਨ ਪ੍ਰਤਾਪ ਤੋਂ ਸਾਰੇ ਰੋਗ ਕੱਟੇ ਜਾਂਦੇ ਹਨ ਅਤੇ ਸਰਬ ਸੁਖਾਂ ਸਿਰ ਸੁਖ ਭੀ ਸਾਰੇ ਭੋਗੇ ਜਾਂਦੇ ਹਨ। ਸਾਰੇ ਸੁਖਾਂ ਦਾ ਸ਼ਿਰੋਮਣੀ ਸੁਖ ਤਾਂ ਇਹ ਆਣ ਉਦੇ ਹੁੰਦਾ ਹੈ ਕਿ ਸਦ ਨਵਤਨ ਨਿਤ ਬਾਲੜੇ ਜੋਬਨ ਜੁਆਨ ਸਰੂਪ ਵਾਲਾ ਮਨਮੋਹਨ ਜਾਨੀਅੜਾ ਪ੍ਰੀਤਮ ਵਾਹਿਗੁਰੂ ਸਰਬ ਕਲਾ ਸੰਪੂਰਨੀ ਪੂਰਨਤਾ ਵਿਚ ਪੂਰਨ ਪੁਰਖ ਹੋ ਕੇ ਸਨਮੁਖ ਦਰਸ਼ਨ ਜਲਵਾ-ਅਫ਼ਰੋਜ਼ ਆਣ ਹੁੰਦਾ ਹੈ ਅਤੇ ਪ੍ਰੇਮੀ ਭਗਤ ਜਨ ਦੇ ਅੰਤਰਿ ਬਾਹਰਿ ਰਖਵਾਲਾ ਹੋ ਕੇ ਚੋਜੀ ਕੇਲ ਰਚਾਂਵਦਾ ਹੈ। ਸੋ ਭਗਤ ਜਨਾਂ ਨੂੰ ਇਹ ਸਿਮਰਨ ਰੂਪੀ "ਪਦ" ਪ੍ਰਕਾਸ਼ਤ ਹੋਇਆ ਹੈ। ਏਹੀ ਭਗਤ ਜਨਾਂ ਦਾ ਸਰਬੰਸ, ਧਨ ਮਾਲ, ਸਭ ਕੁਛ ਏਹੀ ਹੈ, ਜੋ ਧੁਰ ਦਰਗਾਹ ਤੋਂ ਭਗਤ ਜਨਾਂ ਨੂੰ ਮਿਲਿਆ ਹੈ, ਜਿਸ ਦੇ ਸਮਸਰ (ਸਦਰਸ) ਯਾ ਜਿਸ ਤੋਂ ਅਫ਼ਜ਼ਲ (ਵਧ ਕੇ) ਹੋਰ ਕੋਈ ਪਦ ਪਦਵੀ ਭੀ ਨਹੀਂ ਹੋ ਸਕਦੀ। ਨਾਮ ਸਿਮਰਨ ਰੂਪੀ ਚਰਨ ਕੰਵਲ ਅਰਾਧਨ ਦੀ ਅਮਿਤ ਮਹਿਮਾ ਹੈ, ਦੇਖੋ ਅਗਲੀ ਗੁਰਵਾਕ ਰੂਪੀ ਦੁਤੁਕੀ ਕੀ ਦਸਦੀ ਹੈ :–

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥
ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥੧੩੮॥
ਗਉੜੀ ਪੂਰਬੀ ਮ: ੫, ਪੰਨਾ ੨੧੦

ਅਰਥਾਤ ਨਾਮ-ਸਿਮਰਨ ਦੇ ਪ੍ਰਤਾਪ ਕਰਿ, ਚਰਨ ਕੰਵਲਾਂ ਨੂੰ ਮਨ ਵਿਖੇ ਆਰਾਧਣ ਦਾ ਇਹ ਪਾਰਸ-ਸ਼ਕਤ-ਸਿੱਟਾ ਨਿਕਲਦਾ ਹੈ ਕਿ ਨਾਮ ਸਿਮਰਨਹਾਰੇ ਨੂੰ, ਚਰਨ ਕੰਵਲ ਆਰਾਧਨਹਾਰੇ ਨੂੰ ਇਹ ਸਿਮਰਨ-ਆਧਾਰਨ-ਕਲਾ, ਗਰਭ-ਕੁੰਡ ਚੁਰਾਸੀ ਦੇ ਗੇੜ ਵਿਚ ਨਹੀਂ ਪੈਣ ਦਿੰਦੀ ਅਤੇ ਨਰਕਾਂ ਵਿਚ ਗੋਤਾ ਨਹੀਂ ਖਾਣ ਦਿੰਦੀ, ਸਗੋਂ ਭਵਜਲੋਂ ਪਾਰ ਉਤਾਰ ਦਿੰਦੀ ਹੈ ਅਤੇ ਜਮ ਦੀ ਸਾਰੀ ਤ੍ਰਾਸ ਨਿਵਾਰ ਦਿੰਦੀ ਹੈ।


www.AKJ.Org

## ਨਾਭੀ ਕਮਲ ਦਾ ਸਿੱਧਾ ਹੋ ਕੇ ਖਿੜਨਾ–

ਨਾਮ ਸਿਮਰਨ ਸੰਮਿਲਤ ਚਰਨ-ਕੰਵਲਾਂ ਦੀ ਚਿਤ-ਚਿਤਵਨੀ-ਆਰਾਧਨਾ ਦਾ ਫਲ ਅੰਕੂਰੀ ਜ਼ਹੂਰ ਜੋ ਹੋਰ ਹੁੰਦਾ ਹੈ, ਉਹ ਅਤੀ ਅਸਚਰਜ ਹੈ। ਯਥਾ ਗੁਰਵਾਕ :–

ਚਿਤਿ ਚਿਤਵਉ ਚਰਣਾਰਬਿੰਦ ਊਧ ਕੰਵਲ ਬਿਗਸਾਂਤ ॥
ਪ੍ਰਗਟ ਭਏ ਆਪਹਿ ਗੋਬਿੰਦ ਨਾਨਕ ਸੰਤ ਮਤਾਂਤ ॥੧॥੨੨॥

ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੪

'ਸੰਤ ਮਤਾਂਤ' ਦਾ ਭਾਵ ਏਥੇ ਗੁਰਮੰਤਰ ਹੈ। ਗੁਰਮੰਤਰ ਦੇ ਪਾਰਜਾਤ-ਫਲ, ਗੁਰਮੰਤਰ (ਨਾਮ) ਸਿਮਰਨਹਾਰੇ ਨੂੰ ਇਹ ਲਗਦੇ ਹਨ ਕਿ ਉਹ ਨਾਮ ਸਿਮਰਨ ਦੇ ਪ੍ਰਤਾਪ ਕਰਕੇ "ਚਿਤਿ ਚਿਤਵਉ ਚਰਣਾਰਬਿੰਦ" ਮਈ ਰਿਦ ਪ੍ਰਤੀਤਨੀ ਪਉੜੀ ਦੇ ਪਹਿਲੇ ਟੰਬੇ ਤੇ ਚੜ੍ਹਦਾ ਹੈ। ਇਸ ਪਹਿਲੇ ਟੰਬੇ ਤੇ ਹੀ ਨਾਮ ਅਭਿਆਸੀ ਨੂੰ ਨਾਮ ਦਾ ਸਿਮਰਨ ਅਭਿਆਸ ਚਰਨ ਕੰਵਲਾਂ ਦਾ ਚਿਤ ਚਿਤਵਨ ਰੂਪ ਹੋ ਕੇ ਪ੍ਰਤੀਤ ਹੁੰਦਾ ਹੈ। ਚਰਣਾਰਬਿੰਦ ਦਾ ਚਿਤਿ ਚਿਤਵਨ ਅਤੇ ਗੁਰਮੰਤਰ ਨਾਮ ਦਾ ਸਿਮਰਨ ਅਭਿਆਸ ਇਕੋ ਭਾਵ ਰੂਪ ਰਖਦਾ ਹੈ। ਨਾਮ-ਸਿਮਰਨ-ਅਭਿਆਸ ਅਰਥਾਤ ਚਰਣਾਰਬਿੰਦ (ਚਰਨ ਕੰਵਲਾਂ) ਦੇ ਚਿਤਿ-ਚਿਤਵਨੀ-ਪਾਰਸ-ਪ੍ਰਭਾਵ ਕਰਿ "ਊਧ ਕੰਵਲ ਬਿਗਸਾਂਤ" ਦਾ ਅਸਚਰਜ ਕਉਤਕ ਵਰਤ ਜਾਂਦਾ ਹੈ, ਭਾਵ ਸੁਆਸ ਸੁਆਸ ਸਿਮਰਨ ਦੇ ਰਸਨ-ਰਟਨਾਂਤੀ-ਪਉਣ-ਫੁੱਰਾਟੇ ਨਾਭ ਦੇ ਮੂਧੇ ਪਏ ਹੋਏ ਕਉਲ ਨੂੰ ਸਿੱਧਾ ਕਰ ਕੇ, ਉਸ ਦੇ ਮੀਚੇ ਹੋਏ ਮੂੰਹ ਨੂੰ ਖੋਲ੍ਹ ਦਿੰਦੇ ਹਨ ਅਤੇ ਖੋਲ੍ਹ ਕੇ ਉਸ ਵਿਚ ਰਸ-ਜੋਤਿ ਦੀ ਚੰਗਾੜੀ ਪਰਜੁਅਲਤ ਕਰ ਦਿੰਦੇ ਹਨ। ਇਸ ਬਿਧਿ ਉਕਤ "ਊਧ ਕੰਵਲ" ਵਿਗਸ ਉਠਦਾ ਹੈ, ਨਾਮ-ਰਸ-ਜੋਤਿ-ਚਾਨਣੇ ਨਾਲ ਜਗਮਗ ਹੋ ਉਠਦਾ ਹੈ ਤੇ "ਊਧ ਕੰਵਲ ਬਿਗਸਾਂਤ" ਦਾ ਇਉਂ ਨਜ਼ਾਰਾ ਬੱਝਦਾ ਹੈ :—

ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥੫॥ (ਪੰਨਾ ੧੪੦੨)

ਸੁਆਸ ਅਭਿਆਸੀ, ਰਸ ਸੁੱਰਾਟੀ, ਪਵਨ ਫੁੱਰਾਟੀ, ਨਾਮ ਸਿਮਰਨ ਰੂਪ ਧਉਖਣੀ ਨਾ ਸਿਰਫ ਉਰਧ ਕੰਵਲ ਨੂੰ ਸਿੱਧਾ ਕਰਨ ਹਿਤ ਅਤੇ ਉਸ ਦਾ ਮੀਟਿਆ ਮੂੰਹ ਖੋਲ੍ਹਣ ਹਿਤ ਪਵਨ-ਪਰਵੇਸ਼ਨੀ-ਸ਼ਕਤ ਹੀ ਰਖਦੀ ਹੈ, ਬਲਕਿ ਉਸ ਖਿੜ ਕੇ ਸਿੱਧੇ ਹੋਏ ਨਾਭ ਕੰਵਲ ਅੰਦਰਿ ਰਸ-ਜੋਤਿ ਬਿਗਾਸਨੀ ਬਿਜਲੀ ਭੀ ਪੈਦਾ ਕਰਦੀ ਹੈ। ਸੰਸਾਰ ਦੇ ਸੁਨਿਆਰਾਂ ਲੁਹਾਰਾਂ ਦੀਆਂ ਧਉਖਣੀਆਂ ਤਾਂ ਸਿਰਫ ਪਉਣ ਦਾ ਪੱਖਾ ਹੀ ਚਲਾਉਣ ਜੋਗੀਆਂ ਹਨ, ਆਪੋਂ ਅਗਨੀ ਨਹੀਂ ਉਤਪੰਨ ਕਰ ਸਕਦੀਆਂ। ਅਗਨੀ ਪ੍ਰਚੰਡ ਕਰਨ ਲਈ ਰੰਚਕ ਚੰਗਾੜੀ ਦੀ ਲੋੜ ਅਵੱਸ਼ ਪੈਂਦੀ ਹੈ। ਇਹ ਅਗਨ-ਚੰਗਾੜੀ ਈਂਧਨ ਦੇ ਅੰਬਾਰ ਅੰਦਰ ਰਖੀ ਹੋਈ ਇਸ ਪਵਨ ਧਉਖਣੀ-ਪਖੇ ਨਾਲ ਭਖ ਕੇ ਸਾਰੀ ਸਮੱਗਰੀ ਵਿਖੇ ਅਗਨ ਪ੍ਰਚੰਡ ਕਰਦੀ ਹੈ, ਪਰ ਸਿਮਰਨ ਅਭਿਆਸ ਰੂਪੀ ਧਉਖਣੀ ਅੰਦਰਿ ਪਾਰਸ-ਨਾਮ ਰੂਪੀ ਜੋਤਿ-ਚਿੰਗਾੜੀ ਗੁਪਤ ਅੰਸ਼ ਵਿਚ ਪਹਿਲਾਂ ਹੀ ਮਉਜੂਦ ਹੁੰਦੀ ਹੈ। ਇਸ ਗੁਪਤ ਜੋਤਿ-ਚਿੰਗਾੜੀ ਨਾਮ-ਪਾਰਸ-ਵਟੀ ਨਾਲ ਸਪੱਰਸ ਹੋਈ ਸੁਆਸ ਅਭਿਆਸੀ ਸਿਮਰਨ-ਕਲਾ ਦੀ ਧਉਖਣੀ ਨਾ-ਸਿਰਫ ਉਰਧ ਕੰਵਲ ਨੂੰ ਸ਼ਗੁਫਤ ਕਰਾਉਂਦੀ ਹੈ, ਬਲਕਿ ਨਾਭ-ਕੰਵਲ ਕੋਠੜੀ ਅੰਦਰਿ ਜੋਤਿ-ਪ੍ਰਚੰਡੀ-ਉਜਿਆਰਾ ਕਰ ਦੇਣ ਨੂੰ ਭੀ ਸਮਰੱਥ ਹੈ। "ਊਧ ਕੰਵਲ ਬਿਗਸਾਂਤ" ਦੇ ਮੁਅਜਜ਼ੇ ਵਰਤਣ ਪਸਚਾਤ ਚਰਨ ਕੰਵਲ-ਮੌਜਾਰੀ ਨਾਮ-ਸਿਮਰਨ-ਅਭਿਆਸੀ ਜਨ ਨੂੰ "ਪ੍ਰਗਟ ਭਏ ਆਪਹਿ ਗੋਬਿੰਦ" ਵਾਲਾ ਸਾਕਸ਼ਾਤਕਾਰੀ ਚਮਤਕਾਰ ਹੋ ਜਾਂਦਾ ਹੈ। ਪਿਰੀ ਪ੍ਰੀਤਮ ਗੋਬਿੰਦ ਜੋਤੀ ਸਰੂਪ ਦਾ ਭੀ ਸਮੁਚਾ ਦਰਸ਼ਨ ਹੋ ਜਾਂਦਾ ਹੈ। ਮੇਰੇ ਗੋਬਿੰਦ ਰੂਪ ਕਲਾਧਾਰੀ ਵਾਹਿਗੁਰੂ ਪ੍ਰੀਤਮ ਜੀ ਆਪੇ ਹੀ ਪ੍ਰਗਟ ਆਣ ਹੁੰਦੇ ਹਨ। ਇਹ ਗੁਰੂ ਨਾਨਕ ਸਾਹਿਬ ਦੇ ਘਰ ਦੇ ਮੰਤਰ, ਅਰਥਾਤ ਗੁਰਮਤਿ ਨਾਮ ਗੁਰਮੰਤਰ ਦੀ ਪਾਰਸ-ਰਸਾਇਣੀ-ਸਿਮਰਨ-ਸ਼ਕਤੀ ਦਾ ਪਰਤੱਖ ਜ਼ਹੂਰ ਹੈ।

[ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ


www.AKJ.Org

# ਕਾਹੇ ਜਗਿ ਆਏ ਰਾਮ ਰਾਜੇ?

[ਸੂਬੇਦਾਰ ਧਰਮ ਸਿੰਘ ਜੀ, ਪਿੰਡ ਸੂਜੋਂ ਜ਼ਿਲਾ ਜਲੰਧਰ]

(ਲੜੀ ਜੋੜਨ ਲਈ ਵੇਖੋ 'ਸੂਰਾ' ਮਈ ੧੯੯੯)

ਗੁਰਮਤਿ ਦਾ ਇਕ ਹੋਰ ਪੱਖ–

ਨਾਮ-ਅਭਿਆਸ ਕਰਦੇ ਕਰਦੇ ਇਕ ਵਕਤ ਐਸਾ ਆਉਂਦਾ ਹੈ ਜਦੋਂ—

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ (ਰਾਮਕਲੀ ਮ: ੧–੯੪੧)

ਗੁਰਮੁਖ ਦੇ ਰੋਮ ਰੋਮ ਵਿਚੋਂ "ਨਾਮ" ਦੀ ਆਵਾਜ਼ ਆਉਣ ਲਗ ਪੈਂਦੀ ਹੈ। ਐਸੇ ਗੁਰਮੁਖ ਇਸ ਵਕਤ ਵੀ ਮੌਜੂਦ ਹਨ। ਦਾਸ਼ ਨੇ ਜਿਸ ਪੁਸਤਕ ਦਾ ਹਵਾਲਾ ਉਪਰ 'ਰਸ' ਬਾਰੇ ਦਿਤਾ ਹੈ, ਉਸ ਦੇ ਕਰਤਾ ਇਥੇ ਭੀ ਟਪਲਾ ਖਾਂਦੇ ਹਨ। ਉਹ ਇਸ ਅਵਸਥਾ ਨੂੰ ਫ਼ਰਜ਼ੀ ਖ਼ਿਆਲ ਕਰਦੇ ਹੋਏ ਲਿਖਦੇ ਹਨ ਕਿ ਨਾਮ ਜਪਣ ਨਾਲ ਮਨ ਵਿਚ ਪ੍ਰੇਮ ਦੀਆਂ ਤਰੰਗਾਂ ਉਠਦੀਆਂ ਹਨ। ਇਹ ਤਰੰਗਾਂ ਰੋਮਾਂ ਵਿਚੋਂ ਬਾਹਰ ਨਿਕਲਦੀਆਂ ਹਨ, ਤੇ ਇਹ ਹੀ ਹੈ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ।" ਸਾਡੇ ਗੁਰਮੁਖ ਵੀਰ ਇਹੋ ਜਿਹੇ ਭੁਲੇਖਿਆਂ ਤੋਂ ਬਚਣ। 'ਹੱਥ ਕੰਗਣ ਨੂੰ ਅਰਸੀ' ਦੀ ਲੋੜ ਨਹੀਂ। ਖ਼ੁਦ ਕਮਾਈ ਕਰ ਕੇ ਅਜ਼ਮਾਇਆ ਜਾ ਸਕਦਾ ਹੈ। ਅਜ ਤੋਂ ਕੋਈ ੨੪-੨੫ ਸਾਲ ਪਹਿਲਾਂ ਦਾਸ ਦੇ ਇਕ ਗੁਰਮੁਖ ਮਿਤਰ ਨੇ ਦਸਿਆ ਕਿ ਜਦੋਂ ਉਨ੍ਹਾਂ ਤੇ ਇਹ ਅਵਸਥਾ ਪਹਿਲਾਂ ਪਹਿਲ ਵਾਰਦ ਹੋਈ ਤਾਂ ਉਹ ਹੈਰਾਨ ਰਹਿ ਗਏ ਕਿ ਉਨ੍ਹਾਂ ਦੇ ਰੋਮ ਰੋਮ ਨੂੰ ਜ਼ਬਾਨ ਕਿਥੋਂ ਲਗ ਗਈ।

ਇਹ ਆਵਾਜ਼ ਬਾਹਰਮੁਖੀ ਹੋ ਕੇ ਬਨਾਸਪਤੀ ਦੇ ਪੱਤੇ ਪੱਤੇ ਵਿਚੋਂ ਸੁਣਾਈ ਦੇਣ ਲਗ ਪੈਂਦੀ ਹੈ। ਇਸ ਦਾ ਹੋਰ ਵਿਸਥਾਰ ਹੁੰਦਾ ਹੈ ਤਾਂ ਇਹ ਆਵਾਜ਼ ਪ੍ਰਕਿਰਤੀ ਦੇ ਜ਼ੱਰੇ ਜ਼ੱਰੇ ਵਿਚੋਂ ਆਉਣ ਲਗ ਜਾਂਦੀ ਹੈ, ਜਿਵੇਂ ਕਿ ਪਿਛੇ ਪੜ੍ਹ ਆਏ ਹਾਂ ਕਿ ਇਕ ਵਾਰ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਨੇ ਮੇਜ਼ ਤੇ ਹੱਥ ਮਾਰ ਕੇ ਆਖਿਆ ਸੀ– 'ਇਹ ਮੇਜ਼ ਤੁਹਾਨੂੰ ਲਕੜੀ ਜਾਪਦੀ ਹੈ, ਇਸ ਦੇ ਕਣ ਕਣ ਵਿਚੋਂ ਨਾਮ ਦੀ ਆਵਾਜ਼ ਆ ਰਹੀ ਹੈ।' ਇਥੇ ਪਹੁੰਚ ਕੇ ਹੀ ਗੁਰਬਾਣੀ ਨੇ ਫ਼ੁਰਮਾਇਆ ਕਿ–

–ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥ (ਜਪੁਜੀ, ਪਉੜੀ ੧੯)

–ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥
ਨਾਨਕ ਤੇ ਹਰਿ ਦਰਿ ਪੈਨ੍ਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥੪॥੪॥
ਬਿਹਾਗੜਾ ਮ: ੪–੫੪੦

ਕਈ ਵਿਦਵਾਨ ਸੱਜਣ ਗੁਰਮਤਿ ਸਿਧਾਂਤ ਤੋਂ ਅਨਜਾਣ ਹੋਣ ਕਰਕੇ ਗੁਰਮਤਿ ਨੂੰ ਵੇਦਾਂਤ ਜਾਂ ਯੋਗ ਨਾਲ ਮਿਲਾ ਕੇ ਇਹ ਸਿਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਗੁਰਮਤਿ ਇਨ੍ਹਾਂ ਦੋਨਾਂ ਸਿਧਾਂਤਾਂ ਦਾ ਨਵੀਨੀਕ੍ਰਿਤ (modified) ਸਿਧਾਂਤ ਹੈ। ਅਜਿਹਾ ਕਰਕੇ ਉਹ ਗੁਰਮਤਿ ਦੀ ਵਡਿਆਈ ਨੂੰ ਛੁਟਿਆਈ ਵਿਚ ਬਦਲ ਦਿੰਦੇ ਹਨ। ਕਈ ਸਜਣ ਜਪ-ਯੋਗ* ਨੂੰ ਗੁਰਮਤਿ ਆਖ ਕੇ ਪਰਚਾਰਿਆ ਚਾਹੁੰਦੇ ਹਨ, ਜਿਵੇਂ ਕਿ ਭਾਈ ਰਘਬੀਰ ਸਿੰਘ ਜੀ ਨੇ ਆਪਣੀ ਪੁਸਤਕ "ਬੰਦਗੀਨਾਮਾ" ਵਿਚ ਲਿਖਿਆ ਹੈ–ਗੁਰਮਤਿ ਜਪਯੋਗ ਤੋਂ ਭੀ ਵਖਰਾ ਸਿਧਾਂਤ ਹੈ।

ਇਕ ਮਹਾਨ ਗ਼ਲਤੀ ਸਾਡੇ ਵਿਦਵਾਨ ਵੀਰ ਹੋਰ ਭੀ ਕਰਦੇ ਹਨ–ਉਹ ਗੁਰਸ਼ਬਦ "ਵਾਹਿਗੁਰੂ" ਨੂੰ ਪੰਜਾਬੀ ਜ਼ਬਾਨ ਦਾ ਲਫ਼ਜ਼ ਸਮਝ ਕੇ ਆਪਣੀ ਬੁਧੀ ਅਨੁਸਾਰ ਇਸ ਦੀ ਅਰਥਾ-ਬੰਦੀ ਕਰਦੇ ਹਨ–ਹਾਹੇ ਅਖਰ ਦੀ ਸਿਹਾਰੀ ਦੀ ਥਾਂ ਹਾਹਾ ਮੁਕਤਾ ਜਾਂ ਹਾਹੇ ਨੂੰ ਔਂਕੁੜ ਲਾ ਕੇ ਵਾਹ ਜਾਂ ਵਾਹੁ ਬਣਾ ਕੇ ਵਾਹਗੁਰੂ ਜਾਂ ਵਾਹੁਗੁਰੂ ਵਿਚ ਬਦਲੀ ਕਰ

* "ਜਪ-ਯੋਗ ਤੇ ਗੁਰਮਤਿ" ਵਖਰਾ ਲੇਖ ਆਉਂਦੇ 'ਸੂਰਾ' ਵਿਚ ਦਿਤਾ ਜਾ ਰਿਹਾ ਹੈ।



www.AKJ.Org

ਕੇ ਆਪਣੀ ਵਿਦਵਤਾ ਦਾ ਮੁਜ਼ਾਹਰਾ ਕਰਦੇ ਹਨ। ਆਪ ਜੀ ਸ਼ਾਇਦ ਇਹ ਸੁਣ ਕੇ ਹੈਰਾਨ ਹੋਵੋਗੇ ਕਿ **ਵਾਹਿਗੁਰੂ ਸ਼ਬਦ ਨਾ ਤੇ ਪੰਜਾਬੀ ਬੋਲੀ ਦਾ ਹੈ ਤੇ ਨਾ ਹੀ ਕਿਸੇ ਹੋਰ ਸੰਸਾਰਕ ਬੋਲੀ ਵਿਚੋਂ ਲਿਆ ਗਿਆ ਹੈ।** ਅਕਾਲ ਪੁਰਖ ਨੇ ਸੰਸਾਰ ਦੀ ਰਚਨਾ ਵੇਲੇ ਅਨੇਕਾਂ ਹੀ ਬ੍ਰਹਿਮੰਡ ਤੇ ਅਨੇਕਾਂ ਹੀ ਸੂਰਜ ਉਪਾਏ। ਸਾਡੇ ਸੂਰਜ-ਮੰਡਲ ਦਾ ਸੂਰਜ ਪਿਛੋਂ ਕਿਸੀ ਵੇਲੇ ਫਟਿਆ, ਉਸ ਵਿਚੋਂ ਜੋ ਟੁਕੜੇ ਵੱਖ ਹੋਏ ਉਨ੍ਹਾਂ ਵਿਚੋਂ ਇਕ ਟੁਕੜਾ ਸਾਡੀ ਜ਼ਮੀਨ ਭੀ ਹੈ। ਸੂਰਜ ਤੋਂ ਵਖ ਹੋਣ ਵੇਲੇ ਇਹ ਸੂਰਜ ਵਾਂਗ ਹੀ ਅੱਗ ਦਾ ਗੋਲਾ ਸੀ। ਜੁਗਾਂ ਦਾ ਸਮਾਂ ਬੀਤਣ ਤੇ ਜ਼ਮੀਨ ਉਪਰੋਂ ਠੰਡੀ ਹੋਈ। ਆਹਿਸਤਾ ਆਹਿਸਤਾ ਇਸ ਤੇ ਪੌਣ ਪਾਣੀ ਬਣੇ। ਹੌਲੇ ਹੌਲੇ ਬਨਾਸਪਤ ਤੇ ਜੀਵ ਨਮੂਦਾਰ ਹੋਏ। ਜੀਵ ਨੇ ਇਕ ਲੰਮੇ ਸਮੇਂ ਤੋਂ ਬਾਅਦ ਵਿਕਸਤ ਹੋ ਕੇ ਇਨਸਾਨ ਦਾ ਰੂਪ ਧਾਰਨ ਕੀਤਾ। ਇਨਸਾਨ ਨੇ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਭਾਸ਼ਾਵਾਂ ਨੂੰ ਜਨਮ ਦਿਤਾ। ਇਨ੍ਹਾਂ ਵਿਚੋਂ ਇਕ ਭਾਸ਼ਾ ਪੰਜਾਬੀ ਭੀ ਹੈ।

ਤੁਸੀਂ ਦੇਖ ਸਕਦੇ ਹੋ ਕਿ ਸੰਸਾਰ ਦੀ ਰਚਨਾ ਤੋਂ ਢੇਰ ਚਿਰ ਪਿਛੋਂ ਇਨਸਾਨ ਤੇ ਇਨਸਾਨ ਦੀ ਭਾਸ਼ਾ ਵਜੂਦ ਵਿਚ ਆਏ। ਪਰ "ਸਤਿਨਾਮੁ ਤੇਰਾ ਪਰਾ ਪੂਰਬਲਾ" (੧੦੮੩), ਭਾਵ, ਸਤਿਨਾਮ ਜਾਂ ਗੁਰਸ਼ਬਦ "ਵਾਹਿਗੁਰੂ" ਪਹਿਲੋਂ ਤੋਂ ਭੀ ਪਹਿਲਾਂ, ਸੰਸਾਰ-ਰਚਨਾ ਤੋਂ ਭੀ ਪਹਿਲਾਂ, ਭਾਵ, ਆਦਿ ਤੋਂ ਹੀ ਹੈ। ਨਾਮ ਦੀ ਸ਼ਕਤੀ ਦੀ ਰਚਨਾ ਦੇ ਨਾਲ ਹੀ "ਵਾਹਿਗੁਰੂ" ਸ਼ਬਦ ਦੀ ਰਚਨਾ ਹੋਈ–

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥ (ਆਸਾ ਦੀ ਵਾਰ, ਮ: ੧, ਪੰਨਾ ੪੬੩)

ਜਦੋਂ ਅਕਾਲ ਪੁਰਖ ਨੇ ਆਪਣੀ ਰਚਨਾ ਕੀਤੀ, ਨਾਲ ਹੀ ਨਾਮੁ ਦੀ ਰਚਨਾ ਭੀ ਹੋਈ। ਨਾਮ ਦੀ ਰਚਨਾ ਦੇ ਨਾਲ ਹੀ "ਵਾਹਿਗੁਰੂ" ਸ਼ਬਦ ਭੀ ਵਜੂਦ ਵਿਚ ਆਇਆ। ਅਕਾਲ ਪੁਰਖ, ਨਾਮ, ਤੇ "ਵਾਹਿਗੁਰੂ" ਸ਼ਬਦ, ਆਦਿ ਤੋਂ ਹੀ ਅਕਾਲ ਪੁਰਖ ਦੀ ਹੋਂਦ ਦੇ ਨਾਲ ਹੀ ਹੋਂਦ ਵਿਚ ਮੌਜੂਦ ਸਨ। ਸੰਸਾਰ ਅਨੇਕ ਬਾਰ ਉਤਪੰਨ ਤੇ ਅਨੇਕ ਬਾਰ ਲੈ ਹੁੰਦਾ ਹੈ, ਪਰ "ਵਾਹਿਗੁਰੂ" ਸ਼ਬਦ ਤਾਂ "ਆਦਿ ਸਚੁ, ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥" ਹੈ। ਤਾਂ ਫਿਰ ਅਸੀਂ ਇਸ ਨੂੰ ਕਿਸੀ ਸੰਸਾਰਕ ਭਾਸ਼ਾ ਦਾ ਸ਼ਬਦ ਕਿਵੇਂ ਮਿਥ ਸਕਦੇ ਹਾਂ। ਭਾਵ, **ਇਹ ਕਿਸੀ ਭੀ ਸੰਸਾਰਕ ਭਾਸ਼ਾ ਦਾ ਸ਼ਬਦ ਨਹੀਂ ਹੈ।**

ਦਰ-ਅਸਲ ਅਕਾਲ ਪੁਰਖ ਨੇ ਇਸ ਸ਼ਬਦ ਦੀ ਰਚਨਾ ਖ਼ਾਸ-ਅਲ-ਖ਼ਾਸ ਮਕਸਦ ਦੀ ਪੂਰਤੀ ਲਈ, ਇਕ ਖ਼ਾਸ ਤਰਤੀਬ ਨਾਲ ਕੀਤੀ। ਅਕਾਲ ਪੁਰਖ ਨੇ ਇਨਸਾਨੀ ਵਜੂਦ ਦੀ ਘਾੜਤ ਘੜਨ ਵੇਲੇ ਕਿਆ ਕਿਆ ਤੇ ਕਿਥੇ ਕਿਥੇ ਕੋਈ ਗੁਪਤ ਰਾਜ਼ ਰਖੇ ? ਇਨ੍ਹਾਂ ਗੁਪਤ ਰਾਜ਼ਾਂ ਨੂੰ ਖੋਲ੍ਹਣ ਲਈ "ਵਾਹਿਗੁਰੂ" ਸ਼ਬਦ ਇਕ ਕੁੰਜੀ ਬਣਾਈ। **ਇਹ ਗੁਪਤ ਰਾਜ਼ ਇਸ ਕੁੰਜੀ ਦੀ ਇਕ ਖ਼ਾਸ ਢੰਗ ਨਾਲ ਵਰਤੋਂ ਕੀਤੇ ਬਿਨਾਂ** ਹੋਰ ਕਿਸੀ ਭੀ ਢੰਗ ਨਾਲ ਨਹੀਂ ਖੁਲ੍ਹਦੇ। "ਜੋ ਬ੍ਰਹਮੰਡੇ ਸੋਈ ਪਿੰਡੇ" (੬੯੫) ਅਨੁਸਾਰ, ਅਕਾਲ ਪੁਰਖ ਗੁਪਤ ਰੂਪ ਵਿਚ ਇਨਸਾਨ ਦੇ ਅੰਦਰ ਹਰ ਵਕਤ ਮੌਜੂਦ ਹੈ। ਇਸ ਕੁੰਜੀ ਦੀ ਵਰਤੋਂ ਕਰਕੇ–"ਦਸਵੈ ਦੁਆਰਿ ਕੁੰਚੀ ਜ਼ਬ ਦੀਜੈ॥ ਤਉ ਦਇਆਲ ਕੋ ਦਰਸਨੁ ਕੀਜੈ॥" (੩੪੧) ਹੀ ਅਕਾਲ ਪੁਰਖ ਦੇ ਦਰਸ਼ਨ ਦਾ ਵਰਤਾਰਾ ਬਣ ਆਉਂਦਾ ਹੈ।

"ਵਾਹਿਗੁਰੂ" ਸ਼ਬਦ ਦੀ ਦਰੁਸਤ ਵਰਤੋਂ ਕਰਨ ਨਾਲ ਹੀ ਗੁਰਮਤਿ ਦੇ ਪਿਛੇ ਦਸੇ ਸਾਰੇ ਰਾਜ਼ ਆਪੋਂ ਹੀ ਖੁਲ੍ਹਦੇ ਜਾਂਦੇ ਹਨ। ਜੇ ਅਸੀਂ ਇਸ ਵਰਤੋਂ ਵਿਚ ਆਪਣੀ ਮਰਜ਼ੀ ਨਾਲ ਜਾਂ ਗ਼ਲਤੀ ਨਾਲ **ਵਾਹਿ** ਦੀ ਥਾਂ **ਵਾਹ** ਜਾਂ **ਵਾਹੁ** ਉਚਾਰਨ ਕਰੀਏ ਤਾਂ ਆਪ ਜੀ ਖ਼ੁਦ ਹੀ ਤਜਰਬਾ ਕਰ ਕੇ ਅਜ਼ਮਾ ਸਕਦੇ ਹੋ। ਆਪ ਸਭ ਜਾਣਦੇ ਹੋ ਕਿ ਨਾਮ-ਅਭਿਆਸ ਵੇਲੇ ਨਾਭੀ ਅੰਦਰ ਖ਼ਾਸ ਹਰਕਤ ਹੁੰਦੀ ਹੈ ਤੇ ਹੌਲੀ ਹੌਲੀ ਸਵਾਸ ਨਾਭੀ ਤੋਂ ਥੱਲੇ ਉਤਰ, ਰੀੜ੍ਹ ਦੀ ਹੱਡੀ ਦੇ ਪੁਲਾੜ ਵਿਚੋਂ ਗੁਜ਼ਰ, ਦਸਮ ਦੁਆਰ ਨੂੰ ਜਾ ਛੇੜਾ ਦਿੰਦੇ ਹਨ। ਇਕੋ ਹੀ ਸਮੇਂ ਨਾਭੀ ਤੇ ਦਸਮ ਦੁਆਰ ਦੋਨੋਂ ਹੀ 'ਵਾਹਿਗੁਰੂ' ਸ਼ਬਦ ਦੇ ਸੁਆਸ-ਅਭਿਆਸੀ ਕਰਮ ਨਾਲ ਇਕ ਖ਼ਾਸ ਹਰਕਤ ਵਿਚ ਆਉਂਦੇ ਹਨ। ਤੁਸੀਂ **ਵਾਹਗੁਰੂ** ਜਾਂ **ਵਾਹੁਗੁਰੂ** ਉਚਾਰਨ ਕਰ ਕੇ ਉਸ ਤਰ੍ਹਾਂ ਸੁਆਸ-ਅਭਿਆਸੀ ਢੰਗ ਵਰਤ ਕੇ ਦੇਖ ਲਓ। ਤੁਸੀਂ ਦੇਖੋਗੇ ਕਿ ਤੁਹਾਡੇ ਸੁਆਸ ਨਾਭੀ ਤੋਂ ਉਪਰਲੇ ਹਿਸੇ ਵਿਚ ਹੀ ਰਹਿ ਜਾਂਦੇ ਹਨ। ਜਦੋਂ ਇਹ ਸੁਆਸ ਨਾਭੀ ਤਕ ਹੀ

[ਬਾਕੀ ਦੇਖੋ ਸਫ਼ਾ ੩੨ ਦੇ ਹੇਠ)


www.AKJ.Org

ਅਰਦਾਸ ਵਿਚ

# ਜਿਨ੍ਹਾਂ ਧਰਮ ਹੇਤ ਸੀਸ ਦਿਤੇ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਧਰਮ ਹੇਤ ਸੀਸ ਦੇਣ ਨੂੰ ਧਾਰਮਕ ਸ਼ਬਦਾਵਲੀ ਵਿਚ 'ਸ਼ਹਾਦਤ' ਆਖਿਆ ਜਾਂਦਾ ਹੈ। 'ਸ਼ਹਾਦਤ' ਦਾ ਅਰਥ ਹੁੰਦਾ ਹੈ ਗਵਾਹੀ, ਸ਼ਾਹਦੀ। ਪ੍ਰਸ਼ਨ ਪੈਦਾ ਹੁੰਦਾ ਹੈ, ਸ਼ਹਾਦਤ ਕਿਸ ਗੱਲ ਦੀ ਗਵਾਹੀ ਦੇਂਦੀ ਹੈ ? ਸ਼ਹੀਦ ਦੀ ਮੌਤ ਪਹਿਲਾਂ ਤਾਂ ਉਸ ਦੇ ਵਿਸ਼ਵਾਸ ਦੀ ਸਾਖੀ ਭਰਦੀ ਹੈ, ਜਿਸ ਆਸਰੇ ਉਸ ਨੇ ਆਪਣੀ ਹੋਂਦ ਨੂੰ ਆਪਣੇ ਇਰਾਦੇ ਨਾਲ ਅਕਾਲ ਪੁਰਖ ਦੀ ਰਹਿਮਤ ਦੇ ਹਵਾਲੇ ਕਰ ਦਿੱਤਾ । ਕੇਵਲ ਵਿਸ਼ਵਾਸ ਦੀ ਗਵਾਹੀ ਹੀ ਨਹੀਂ ਪੈਂਦੀ, ਉਸ ਇਸ਼ਟ ਦੇਵ ਦੀ ਮਹਾਨਤਾ ਦੀ ਗਵਾਹੀ ਵੀ ਮਿਲਦੀ ਹੈ ਜਿਸ ਤੋਂ ਜਿੰਦੜੀ ਘੋਲ ਘੁਮਾਈ ਗਈ ਤੇ ਜਿਸ ਨੇ ਇਸ ਕੁਰਬਾਨੀ ਨੂੰ ਪਰਵਾਨ ਕਰ ਕੇ ਇਸ ਜ਼ਿੰਦਗੀ ਨੂੰ ਪਾਵਨਤਾ ਦਾ ਅੰਤ ਬਖਸ਼ਿਆ । ਇਉਂ ਸ਼ਹੀਦ ਰੱਬ ਤੇ ਉਗਾਹੀ ਦੇਣ ਵਾਲਾ ਹੁੰਦਾ ਹੈ। ਸ਼ਹਾਦਤ ਨਾਲ ਜ਼ਿੰਦਗੀ ਲੇਖੇ ਲਾਈ ਜਾਂਦੀ ਹੈ ਤੇ ਮੌਤ ਦਾ ਹੱਜ ਪ੍ਰਾਪਤ ਹੁੰਦਾ ਹੈ। ਸ਼ਹਾਦਤ ਉਸ ਸਿਦਕ ਦੀ ਸ਼ਾਹਦੀ ਵੀ ਭਰਦੀ ਹੈ ਜੋ ਹਰ ਤ੍ਰਾਸ, ਹਰ ਧਮਕੀ, ਹਰ ਲਾਲਚ ਤੋਂ ਉਪਰ ਰਹਿੰਦਾ ਹੈ, ਜੋ ਸੀਸ ਦੇ ਦੇਂਦਾ ਹੈ, ਸਿਰੜ ਨਹੀਂ ਦੇਂਦਾ; ਜੋ ਨ ਮੌਤ ਦੇ ਭੈ ਤੋਂ ਧਰਮ ਛਡਦਾ ਹੈ ਨ ਇਸ ਨੂੰ ਜਨੂੰਨ ਦਾ ਰੋਗਾਤਮਕ ਰੂਪ ਧਾਰਨ ਕਰਨ ਦੇਂਦਾ ਹੈ। ਸਗੋਂ ਆਪਣੀ ਜਾਨ ਹੂਲ ਕੇ ਇਸ ਸਿਦਕ ਦੇ ਨਰੋਏਪਣ ਦੀ ਸ਼ਾਹਦੀ ਭਰਦਾ ਹੈ। ਸ਼ਹਾਦਤ ਧਰਮ ਦੇ ਉਸ ਸੱਚ ਦੀ ਸਾਖੀ ਭਰਦੀ ਹੈ ਜਿਸ ਖ਼ਾਤਰ ਜਾਨ ਹੂਲੀ ਗਈ। ਬਾਰ ਬਾਰ, ਲਗਾਤਾਰ, ਸ਼ਹਾਦਤਾਂ ਦਾ ਹੋਏ ਤੁਰੇ ਜਾਣਾ ਇਸ ਗੱਲ ਦਾ ਪ੍ਰਮਾਣ ਹੁੰਦਾ ਹੈ ਕਿ ਇਸ ਧਰਮ ਦੇ ਅਨੁਯਾਈ ਅਜੇ ਤਕ ਇਸ ਸੱਚ ਤੇ ਪ੍ਰਪੱਕ ਹਨ।

ਸ਼ਹੀਦੀ ਧਰਮ ਦੀ ਸਭ ਤੋਂ ਉੱਚੀ ਕਰਾਮਾਤ ਹੈ। ਇਹ ਨਾਟਕ ਚੇਟਕ ਵਾਲੀ ਕਰਾਮਾਤ ਨਹੀਂ ਹੁੰਦੀ, ਸੱਚ ਮੁੱਚ ਦੀ ਕਰਾਮਾਤ ਹੁੰਦੀ ਹੈ। ਨਾਟਕ ਚੇਟਕ ਵਾਲੀਆਂ ਕਰਾਮਾਤਾਂ ਤਾਂ ਜਾਦੂਗਰ ਵੀ ਕਰ ਲੈਂਦੇ ਹਨ, ਬਾਜ਼ੀਗਰ ਵੀ, ਤੇ ਟਿੱਲੇ ਦੇ ਸਾਧ ਵੀ। ਪਰ ਜ਼ਿੰਦਗੀ ਕੋਈ ਆਸ਼ਕ-ਸਾਦਕ ਹੀ ਲਾ ਸਕਦਾ ਹੈ । ਜਾਨ ਵਾਰ ਸਕਣਾ ਹੀ ਸੱਚ-ਕਰਾਮਾਤ ਹੈ, ਜੋ ਸਾਹਿਬ ਤੁੱਠੇ ਤਾਂ ਪ੍ਰਾਪਤ ਹੁੰਦੀ ਹੈ।* ਧਰਮ ਇਸੇ ਕਰਾਮਾਤ ਆਸਰੇ ਖਲੋਂਦਾ ਹੈ।

ਗੁਰੂ ਤੇਗ਼ ਬਹਾਦਰ ਜੀ ਨੂੰ ਔਰੰਗਜ਼ੇਬ ਦੀ ਸਰਕਾਰ ਨੇ ਤਿੰਨ ਗੱਲਾਂ 'ਚੋਂ ਚੋਣ ਕਰਨ ਲਈ ਆਖਿਆ : ੧. ਜਾਂ ਧਰਮ ਛੋੜ ਕੇ ਮੁਸਲਮਾਨ ਹੋ ਜਾਓ, ੨. ਜਾਂ ਕਰਾਮਾਤ ਵਿਖਾਓ, ੩. ਜਾਂ ਫਿਰ ਮਰਨ ਕਬੂਲ ਕਰੋ। ਮਹਾਰਾਜ ਨੇ ਸ਼ਹੀਦੀ ਦਾ ਜਾਮ ਪੀਣਾ ਕਬੂਲ ਕੀਤਾ। ਇਕ ਰਵਾਇਤ ਇਹ ਵੀ ਹੈ ਕਿ ਉਨ੍ਹਾਂ ਆਖਿਆ, ''ਜੱਲਾਦ ਨੂੰ ਕਹੋ, ਮੇਰੀ ਗਰਦਨ ਤੇ ਤਲਵਾਰ ਚਲਾਵੇ, ਕਰਾਮਾਤ ਦੇਖੋਗੇ ਕਿ ਮੈਂ ਮਰਾਂਗਾ ਨਹੀਂ।'' ਤਲਵਾਰ ਚਲੀ ਵੀ, ਪੰਜ-ਭੂਤਕ ਸਰੀਰ ਦਾ ਸਿਰ ਤਨ ਨਾਲੋਂ ਜੁਦਾ ਵੀ ਹੋਇਆ, ਪਰ,

ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ? —ਸਵਯੇ ੫, ਹਰਿਬੰਸ (1409/15)

ਗੁਰੂ ਤੇਗ਼ ਬਹਾਦਰ ਅਜ ਵੀ ਜੀਊਂਦੇ ਹਨ, ਅੱਜ ਵੀ ਸਾਡੇ ਪਾਸ ਹਨ। ਅੱਜ ਵੀ ਉਹਨਾਂ ਦੀ ਸ਼ਹਾਦਤ ਸਦਕਾ ਲੋਕ ਆਪਣਾ ਧਰਮ ਜੀਊਂਦੇ ਹਨ। ਅਕ੍ਰਿਤਘਣ ਉਹਨਾਂ ਦਾ ਇਹ ਇਹਸਾਨ ਭਲੇ ਹੀ ਭੁਲਾ ਦੇਣ, ਸਿਦਕਵਾਨ ਅੱਜ ਵੀ ਉਹਨਾਂ ਦੇ ਪੂਰਨਿਆਂ ਤੇ ਤੁਰਦਿਆਂ ਧਰਮ ਤੋਂ ਜਾਨਾਂ ਵਾਰ ਜਾਂਦੇ ਹਨ।

ਅਰਦਾਸ ਅੰਦਰ, ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੂੰ ਤੇ ਹਿੰਦ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਨੂੰ ਤਾਂ ਅਸੀਂ ਭਗਉਤੀ ਦੀ ਵਾਰ ਵਾਲੀ ਪਉੜੀ ਵਿਚ ਹੀ ਸਿਮਰ ਲੈਂਦੇ ਹਾਂ। ਅਗਲੇ ਬੰਦ ਵਿਚ ਉਚੇਚੇ ਤੌਰ ਤੇ ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਬੰਦ ਬੰਦ ਕਟਾਉਣ ਵਾਲਿਆਂ, ਚਰਖੜੀਆਂ ਤੇ ਚੜ੍ਹਨ ਵਾਲਿਆਂ, ਖੋਪਰੀਆਂ ਉਤਰਵਾਉਣ ਵਾਲਿਆਂ, ਆਰਿਆਂ ਨਾਲ ਤਨ ਚਿਰਵਾਉਣ ਵਾਲਿਆਂ, ਤਰ੍ਹਾਂ ਤਰ੍ਹਾਂ

* ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥ —ਆਸਾ ਦੀ ਵਾਰ ਮ: ੧,ਸਲੋਕ ਮ: ੨ (475/1)



www.AKJ.Org

ਦੇ ਅਸਹਿ ਤੇ ਅਕਹਿ ਕਸ਼ਟ ਝਲਣ ਵਾਲਿਆਂ ਸਭਨਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਮੁਖੋਂ 'ਸੀ' ਨਹੀਂ ਉਚਾਰੀ ਤੇ ਭਾਣੇ ਨੂੰ ਮਿੱਠਾ ਕਰ ਕੇ ਮੰਨਿਆ। ਉਹਨਾਂ ਮਾਵਾਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਆਪਣੇ ਬੱਚਿਆਂ ਦੇ ਟੋਟੇ ਕਰਵਾ ਕੇ ਆਪਣੇ ਗਲਾਂ ਵਿਚ ਇਹਨਾਂ ਟੋਟਿਆਂ ਦੇ ਹਾਰ ਪੁਆਏ, ਖੰਨੇ ਖੰਨੇ ਤੇ ਗੁਜ਼ਰਾਨ ਕਰ, ਹਰ ਰੋਜ਼ ਸਵਾ ਸਵਾ ਮਣ ਪੀਸਣ ਪੀਸਿਆ। ਅਸੀ ਉਹਨਾਂ ਸ਼ਹੀਦਾਂ ਦੀ ਯਾਦ ਵੀ ਤਾਜ਼ਾ ਕਰਦੇ ਹਾਂ ਜਿਨ੍ਹਾਂ ਗੁਰਦਵਾਰਿਆਂ ਦੀ ਪਵਿਤ੍ਰਤਾ ਮੁੜ ਸਥਾਪਿਤ ਕਰਨ ਹਿਤ ਆਪਣੀਆਂ ਜਾਨਾਂ ਹੂਲੀਆਂ, ਜੰਡਾਂ ਨਾਲ ਬੰਨ੍ਹ ਕੇ ਸਾੜੇ ਗਏ, ਬੰਦੂਕਾਂ ਨਾਲ ਉਡਾਏ ਗਏ, ਰੇਲ ਗੱਡੀਆਂ ਹੇਠ ਦਿੱਤੇ ਗਏ। ਉਹਨਾਂ ਸਭ ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਭੇਟ ਕਰਦੇ ਹਾਂ, ਜਿਨ੍ਹਾਂ ਵਰਤਮਾਨ ਘਲੂਘਾਰਿਆਂ ਵਿਚ ਵੀ ਜਾਨਾਂ ਦੇ ਦਿੱਤੀਆਂ, ਪਰ ਧਰਮ ਨਹੀਂ ਹਾਰਿਆ।

ਅਰਦਾਸ ਵਿਚ ਇਹਨਾਂ ਸ਼ਹੀਦਾਂ ਦਾ ਜ਼ਿਕਰ ਸੀਨਾ-ਬ-ਸੀਨਾ ਚਲੀ ਆਉਂਦੀ ਇਕ ਇਤਿਹਾਸਕ ਯਾਦ ਹੀ ਨਹੀਂ, ਕੁਰਬਾਨੀ ਲਈ ਸਦੀਵਕਾਲੀ ਪ੍ਰੇਰਨਾ ਵੀ ਹੈ।

ਖ਼ਾਫ਼ੀ ਖ਼ਾਨ, ਮੁੰਤਖ਼ਿਬ ਲੁਬਾਬ ਵਿਚ ਇਕ ਬ੍ਰਿਤਾਂਤ ਲਿਖਦਾ ਹੈ, ਜਿਸ ਤੋਂ ਕੁਰਬਾਨੀ ਦੀ ਇਸ ਸਪਿਰਿਟ ਦਾ ਅੰਦਾਜ਼ਾ ਲਗਦਾ ਹੈ। ਕਹਿੰਦੇ ਹਨ, ਜਦ ਬੰਦਾ ਬਹਾਦੁਰ ਤੇ ਉਸ ਦੇ ਸਾਥੀ ਫੜੇ ਗਏ ਤਾਂ ਉਹਨਾਂ ਸਭਨਾਂ ਨੂੰ ਮੌਤ ਦੀ ਸਜ਼ਾ ਸੁਣਾ ਦਿਤੀ ਗਈ। ਬੰਦੇ ਦੇ ਸਾਥੀਆਂ ਵਿਚ ਨੌਂ ਦਸ ਸਾਲ ਦਾ ਇਕ ਲੜਕਾ ਵੀ ਹੈ। ਉਸ ਦੀ ਮਾਂ ਨੂੰ ਪਤਾ ਲਗਾ ਤਾਂ ਉਹ ਦੌੜੀ ਦੌੜੀ ਉਥੇ ਆਈ ਤੇ ਰਤਨ ਵਜ਼ੀਰ ਦੇ ਦੀਵਾਨ ਰਾਹੀਂ ਫ਼ਰੁਖਸਈਅਰ ਤੇ ਸੱਯਦ ਅਬਦੁੱਲਾ ਖ਼ਾਨ ਤਕ ਰਸਾਈ ਹਾਸਲ ਕਰ ਲਈ। ਉਨ੍ਹਾਂ ਨੂੰ ਉਸ ਨੇ ਕਿਹਾ, "ਮੇਰਾ ਬੇਟਾ ਅਸਲ ਵਿਚ ਸਿਖ ਨਹੀਂ, ਇਹਨਾ ਸਿੰਘਾਂ ਉਸ ਨੂੰ ਜ਼ਬਰਦਸਤੀ ਨਾਲ ਰਲਾ ਲਿਆ ਹੈ।" ਦੀਵਾਨ ਦੀ ਸਫਾਰਸ਼ ਤੇ ਉਸ ਲੜਕੇ ਦੀ ਰਿਹਾਈ ਦਾ ਹੁਕਮ ਜਾਰੀ ਕਰ ਦਿਤਾ ਗਿਆ। ਜਦ ਉਸ ਨੂੰ ਰਿਹਾ ਕਰਨ ਲੱਗੇ ਤਾਂ ਉਸ ਨੇ ਪੁੱਛਿਆ, "ਮੈਨੂੰ ਕਿਉਂ ਛੋੜ ਰਹੇ ਹੋ?" ਜਵਾਬ ਮਿਲਿਆ, "ਤੇਰੀ ਮਾਂ ਨੇ ਕਿਹਾ ਹੈ, ਤੂੰ ਸਿੱਖ ਨਹੀਂ ਹੈਂ।" ਇਸ ਪੁਰ ਉਹ ਲੜਕਾ ਮੱਥੇ ਤੀਊੜੀ ਪਾ ਕੇ ਕਹਿਣ ਲਗਾ, "ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਦਿਲੋਂ ਜਾਨੋਂ ਆਪਣੇ ਗੁਰੂ ਦੇ ਜਾਨ-ਨਿਸਾਰ ਸਿੱਖਾਂ ਵਿਚੋਂ ਹਾਂ।"†

ਦੂਰ ਜਾਣ ਦੀ ਲੋੜ ਨਹੀਂ, 1922 ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਅੰਦਰ ਸਿੱਖਾਂ ਨੇ ਜਿਸ ਤਰ੍ਹਾਂ ਸ਼ਹੀਦੀਆਂ ਪਾਈਆਂ, ਉਨ੍ਹਾਂ ਦਾ ਜ਼ਿਕਰ ਕਰਦੇ ਹੋਏ ਅੰਗਰੇਜ਼ ਪਾਦਰੀ ਸੀ. ਐਫ. ਐਂਡਰਿਊਜ਼ ਨੇ ਕਿਹਾ, "ਇਸ ਧਰਤੀ (ਪੰਜਾਬ) ਵਿਚ ਤਸੀਹਿਆਂ ਦਾ ਸਾਮਨਾ ਕਰ ਕੇ, ਨਵੇਂ ਸਿਰੇ, ਸੂਰਮਤਾਈ ਦਾ ਦਰਸ ਦਿਤਾ ਗਿਆ ਹੈ, ਤੇ ਦੁਨੀਆ ਨੂੰ ਇਖ਼ਲਾਕੀ ਜੰਗ ਲੜਨ ਦੀ ਇਕ ਨਵੀਂ ਜਾਚ ਸਿਖਾਈ ਗਈ ਹੈ।"‡ ਸਿੱਖਾਂ ਦੀ ਸਹਿਨਸ਼ੀਲਤਾ ਤੇ 'ਹੁੰਦੇ ਤਾਣ ਨਿਤਾਣਾਂ' ਵਾਲੀ ਅਹਿੰਸਾ ਦੀ ਵਰਤੋਂ ਵੇਖ ਕੇ ਉਹ ਬੇਅਖ਼ਤਿਆਰ ਕਹਿ ਉਠਿਆ: "ਜੋ ਕੁਝ ਮੈਂ ਵੇਖਿਆ ਹੈ ਉਸ ਨੇ ਮੇਰੇ ਸਾਹਮਣੇ ਈਸਾ ਦੇ ਸੂਲੀ ਚੜ੍ਹਨ ਵਰਗਾ ਦ੍ਰਿਸ਼ ਪੇਸ਼ ਕਰ ਦਿਤਾ ਹੈ—ਓਹਾ ਸ਼ਾਂਤਮਈ ਸਹਿਨਸ਼ੀਲਤਾ ਤੇ ਓਹਾ ਪਵਿੱਤ੍ਰਤਾ ਭਰਿਆ ਵਾਯੂ ਮੰਡਲ ਮੈਨੂੰ ਪ੍ਰਤੀਤ ਹੋ ਰਿਹਾ ਹੈ।"

ਸਿਖ ਸ਼ਹੀਦਾਂ ਦੀ ਇਕ ਲੰਮੀ ਅਵਿਰਲ ਫ਼ਹਿਰਿਸਤ ਹੈ। ਇਹਨਾਂ ਸ਼ਹੀਦਾਂ ਨੂੰ ਦਿੱਤੇ ਗਏ ਤਸੀਹਿਆਂ ਨੂੰ ਚੇਤੇ ਕਰ ਕੇ ਤੇ ਇਹਨਾਂ ਅਸਹਿ ਤੇ ਅਕਹਿ ਤਸੀਹਿਆਂ ਦੇ ਬਾਵਜੂਦ ਉਹਨਾਂ ਦੇ ਸਿਰੜ-ਸਿਦਕ ਦੀ ਯਾਦ ਤਾਜ਼ਾ ਕਰ ਕੇ ਖ਼ਬਰੇ ਕਿਤਨੇ ਦੁਖੀ ਹਿਰਦੇ, ਨਿੱਤ ਸ਼ਾਂਤੀ ਪ੍ਰਾਪਤ ਕਰਦੇ ਹਨ। ਇਹਨਾਂ ਸ਼ਹੀਦੀਆਂ ਦੀ ਯਾਦ ਹਿਰਦੇ ਨੂੰ ਪੰਘਾਰ ਦੇਂਦੀ ਹੈ, ਫਿਰ ਧਿਆਨ ਦੀ ਵਦਾਨ ਤੇ ਅਰਦਾਸ ਦੀ ਟਕਸਾਲ ਵਿਚ ਇਸ ਪੰਘਰੇ ਹੋਏ ਹਿਰਦੇ 'ਚੋਂ ਸਿਦਕ ਦੀ ਘਾੜਤ ਘੜੀ ਜਾਂਦੀ ਹੈ।

ਅਰਦਾਸ ਦਾ ਇਹ ਭਾਗ ਜੇ ਪੂਰਨ ਭਾਵਨਾ ਨਾਲ ਪੜ੍ਹਿਆ ਜਾਵੇ ਤੇ ਅੱਖਾਂ ਸਾਹਮਣੇ ਉਹਨਾਂ ਸ਼ਹੀਦਾਂ ਦੇ *

†"ਮਾਦਰਮ ਦਰੋਗ ਮੇ ਗੋਯਦ! ਮਨ ਬ-ਦਿਲੋ ਜਾਨ ਅਜ਼ ਮੋਤਕਿਦਾਨੇ ਫਿਦਵੀਆਨੇ ਜਾ ਨਿਸਾਰੇ ਮੁਰਸ਼ਦੇ ਖ਼ੁਦਮ॥"

—ਖ਼ਾਫ਼ੀ ਖ਼ਾਨ: ਮੁੰਤਖ਼ਿਬ ਲੁਬਾਬ।

‡Teja Singh : Sikhs and Non-Violence



www.AKJ.Org

# ਪਾਠ ਛੇਤੀ ਛੇਤੀ ਜਾਂ ਹੌਲੀ ਹੌਲੀ ?

ਇਹ ਪ੍ਰਸ਼ਨ ਕਈ ਵਾਰ ਸਾਹਮਣੇ ਲਿਆਂਦਾ ਜਾਂਦਾ ਹੈ ਕਿ ਗੁਰਬਾਣੀ ਅਥਵਾ ਨਿਤਨੇਮ ਦਾ ਪਾਠ ਹੌਲੀ ਹੌਲੀ ਕਰਨਾ ਚਾਹੀਦਾ ਹੈ ਜਾਂ ਜਲਦੀ ਜਲਦੀ ? ਅਤੇ ਕੀ ਜਲਦੀ ਜਲਦੀ ਬਹੁਤੀ ਬਾਣੀ ਪੜ੍ਹਨੀ ਚਾਹੀਦੀ ਹੈ ? ਇਸ ਪ੍ਰਸ਼ਨ ਦਾ ਉਤਰ ਤਾਂ ਕੋਈ ਗੁਰਮੁਖ ਜਨ, ਅੰਮ੍ਰਿਤ-ਰਸ-ਭੁੰਚਣਹਾਰਾ ਹੀ ਦੇ ਸਕਦਾ ਹੈ, ਅਲਪਗ ਜੀਵ ਆਪਣੀ ਤੁਛ ਬੁਧੀ ਅਨੁਸਾਰ ਕੀ ਦਸ ਸਕਦੇ ਹਾਂ। ਪਰ ਗੁਰਮੁਖ ਪਿਆਰਿਆਂ ਦੀ ਸੰਗਤ ਵਿਚੋਂ ਜੋ ਕੁਝ ਲਭਦਾ ਹੈ, ਉਸ ਅਨੁਸਾਰ ਇਹੋ ਗੱਲ ਨਿਖਰਦੀ ਹੈ ਕਿ ਗੁਰਬਾਣੀ ਦੇ ਪਾਠ ਕਰਨ ਦਾ ਸੰਬੰਧ ਅੰਤਸ਼ਕਰਨ ਨਾਲ ਹੈ। ਅੰਤਸ਼ਕਰਨ ਦਾ ਸੰਬੰਧ ਮਨ, ਬੁਧਿ, ਚਿਤ ਨਾਲ ਹੈ। ਸੋ ਮਨ, ਬੁਧਿ, ਚਿਤ, ਸਭਨਾਂ ਦੀ ਹਾਜ਼ਰੀ ਜ਼ਰੂਰੀ ਹੈ। ਜੇ ਮਨ, ਚਿਤ ਕਰਕੇ ਬਾਣੀ ਪੜ੍ਹੀ ਜਾਏ ਤਾਂ ਹੀ ਪਰਵਾਨ ਹੈ। ਇਨ੍ਹਾਂ ਦੀ ਹਾਜ਼ਰੀ ਵਿਚ ਬਾਣੀ ਨੂੰ ਕੋਈ ਗੁਰੂ ਕਾ ਲਾਲ ਜਲਦੀ ਪੜ੍ਹੇ ਜਾਂ ਹੌਲੀ ਪੜ੍ਹੇ, ਉਹ ਅੰਮ੍ਰਿਤ-ਰਸ ਭੁੰਚੇਗਾ।

ਜੇ ਕੋਈ ਸਜਣ ਬੜੀ ਹੌਲੀ ਹੌਲੀ, ਲੰਮੀਆਂ ਸੁਰਾਂ ਲਾ ਲਾ ਕੇ ਵੀ ਬਾਣੀ ਪੜ੍ਹ ਰਿਹਾ ਹੋਵੇ, ਪਰ ਉਸ ਦਾ ਅੰਤਸ਼ਕਰਣ (ਮਨ, ਚਿਤ) ਜੇ ਗ਼ੈਰਹਾਜ਼ਰ ਹੈ ਅਤੇ ਉਹ ਕਿਤੇ ਦਾ ਕਿਤੇ ਉਡਦਾ ਫਿਰਦਾ ਹੈ ਤਾਂ ਉਹ ਪੜ੍ਹਿਆ ਸੁਣਿਆ ਓਵੇਂ ਹੀ ਹੋਵੇਗਾ ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਵਿਚ ਨਮਾਜ਼ ਪੜ੍ਹ ਰਹੇ ਕਾਜ਼ੀ ਨੂੰ ਸੱਚੇ ਪਾਤਸ਼ਾਹ ਨੇ ਹਜ਼ੂਰੀ ਤੋਂ ਗ਼ੈਰਹਾਜ਼ਰ ਦਸਦਿਆਂ ਫੁਰਮਾਇਆ ਸੀ ਕਿ ਤੇਰਾ ਮਨ ਤਾਂ ਘਰ ਘੋੜੀ ਦੀ ਵਛੇਰੀ ਪਿਛੇ ਭਜਾ ਫਿਰਦਾ ਸੀ ਕਿ ਕਿਤੇ ਉਹ ਟੋਏ ਵਿਚ ਨਾ ਡਿਗ ਪਵੇ। ਫਿਰ ਤੇਰੀ ਪੜ੍ਹੀ ਨਮਾਜ਼ ਕਾਹਦੀ ? ਇਸੇ ਤਰ੍ਹਾਂ ਗੁਰਬਾਣੀ, ਨਿਤਨੇਮ ਜਾਂ ਸ੍ਰੀ ਸੁਖਮਨੀ ਸਾਹਿਬ ਆਦਿ ਬਾਣੀਆਂ ਦਾ ਪਾਠ ਮਨ ਚਿਤ ਦੀ ਹਾਜ਼ਰੀ ਵਿਚ ਜੇ ਛੇਤੀ ਛੇਤੀ ਵੀ ਕੀਤਾ ਜਾਏ ਤਾਂ ਉਹ ਲੇਖੇ ਹੈ, ਪਰ ਜੇ ਪਾਠ ਵਿਚ ਮਨ-ਚਿਤ ਹਾਜ਼ਰ ਨਹੀਂ ਤਾਂ ਉਹ ਸਭਾ ਕੁਝ ਲੇਖੇ ਵਿਚ ਨਹੀਂ। ਮਨ ਦੀ ਹਾਜ਼ਰੀ ਵਿਚ ਹੀ ਪੜ੍ਹਿਆ ਸੁਣਿਆ ਲੇਖੇ ਲਗਦਾ ਹੈ।

ਇਸੇ ਤਰ੍ਹਾਂ ਦੀ ਇਕ ਗੱਲ ਇਕ ਵੀਰ ਜੀ ਨੇ ਸੁਣਾਈ ਸੀ ਕਿ ਇਕ ਦੁਕਾਨ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਪਿਉ-ਪੁਤਰ ਘਰ ਜਾਂਦਿਆ "ਸੋਦਰੁ" ਦਾ ਪਾਠ ਕਰ ਲੈਂਦੇ ਸਨ। ਇਕ ਦਿਨ ਸੋਦਰੁ ਦਾ ਪਾਠ ਉਨ੍ਹਾਂ ਦੇ ਭਾਣੇ ਅਧ-ਰਾਹ ਵਿਚ ਹੀ ਪੂਰਾ ਹੋ ਗਿਆ। ਪਿਉ ਪੁਤਰ ਨੂੰ ਕਹਿਣ ਲਗਾ, ਪੁਤਰ, ਅੱਜ ਪਾਠ ਛੇਤੀ ਕਿਉਂ ਹੋ ਗਿਆ ? ਤਾਂ ਪੁੱਤਰ ਨੇ ਕਿਹਾ, ਪਿਤਾ ਜੀ, ਅੱਜ ਤੁਸਾਂ ਸੋਦਰ ਦਾ ਪਾਠ ਨਹੀਂ ਕੀਤਾ, ਸੋਹਿਲੇ ਦਾ ਕੀਤਾ ਹੈ। ਜਿਸ ਕਰਕੇ ਛੇਤੀ ਹੋਈ ਹੈ।

ਸੋ ਪਾਠ ਕਰਦਿਆਂ ਜੇ ਸਾਨੂੰ ਇਹ ਵੀ ਪਤਾ ਨਾ ਲਗੇ ਕਿ ਅਸੀਂ ਸੋਦਰੁ ਕਰ ਰਹੇ ਹਾਂ ਕਿ ਸੋਹਿਲਾ ? ਤਾਂ ਫਿਰ ਉਹ ਪੜ੍ਹੀ ਸੁਣੀ ਬਾਣੀ ਕਿਵੇਂ ਪਰਵਾਨ ਪਵੇਗੀ ? ਕਈ ਵਾਰ ਜਪੁਜੀ ਕਰਦਿਆਂ ਅਰੰਭ ਦਾ ਪਤਾ ਹੁੰਦਾ ਹੈ ਤੇ ਫਿਰ ਪਤਾ ਹੀ ਨਹੀਂ ਲਗਦਾ ਕਿ ਕਿਹੜੀਆਂ ਕਿਹੜੀਆਂ ਪਉੜੀਆਂ ਲੰਘੀ ਤੁਰੀ ਜਾ ਰਹੇ ਹਾਂ, ਉਦੋਂ ਹੀ ਕਿਤੇ ਸੋਝੀ ਆਉਂਦੀ ਹੈ ਜਦੋਂ "ਕੇਤੀ ਛੁਟੀ ਨਾਲਿ" ਹੋ ਜਾਂਦੀ ਹੈ। ਅਨੰਦ ਸਾਹਿਬ ਕਰਦਿਆਂ ਪੰਜ ਪਉੜੀਆਂ ਤਕ ਮਾੜੀ ਮੋਟੀ ਹੋਸ਼ ਹੋਈ ਕਿ ਨਾ ਹੋਈ, ਤੇ ਫਿਰ ਸਹਿਜੇ ਸਹਿਜੇ ਮਨ ਚਿਤ ਕਿਤੇ ਦਾ ਕਿਤੇ ਭੌਂਦਾ ਨਿਕਲ ਜਾਂਦਾ ਹੈ ਅਤੇ ਪਤਾ ਉਦੋਂ ਹੀ ਲਗਦਾ ਹੈ ਜਦੋਂ "ਅਨਦ ਸੁਣਹੁ ਵਡਭਾਗਹੋ" ਤੇ ਪਹੁੰਚ ਜਾਈਦਾ ਹੈ।

---

* ਮਹਾਨ ਸਾਕੇ ਲਿਆਂਦੇ ਜਾਣ, ਜਿਨ੍ਹਾਂ ਦਾ ਜ਼ਿਕਰ ਅਰਦਾਸ ਵਿਚ ਕੀਤਾ ਜਾਂਦਾ ਹੈ ਤਾਂ ਯਕੀਨਨ ਪੱਥਰ ਤੋਂ ਪੱਥਰ ਹਿਰਦਾ ਵੀ ਮੋਮ ਹੋ ਜਾਵੇਗਾ। ਇਉਂ ਦ੍ਰਵਿਆ ਹੋਇਆ ਮਨ ਸ਼ਬਦ ਦੀ ਚੋਟ ਨਾਲ ਗੁਰਸਿੱਖੀ ਦੇ ਸੱਚੇ ਵਿਚ ਢਾਲਿਆ ਜਾ ਸਕਦਾ ਹੈ।

ਮੌਤ ਤਾਂ ਸਭ ਨੂੰ ਆਉਂਦੀ ਹੈ, ਪਰ ਕੁਰਬਾਨੀ ਵਾਲੀ ਪਰਵਾਨ ਮੌਤ ਕੇਵਲ ਸੂਰਮਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ : ਮਰਣੁ ਮਣਸਾਂ ਸੂਰਿਆਂ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥ —ਵਡਹੰਸੁ ਮ: ੧ (580/3)



www.AKJ.Org

ਮਨ ਦਾ ਸਥਿਰ ਰਹਿਣਾ ਬੜੀ ਔਖੀ ਖੇਡ ਹੈ। ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੂਹੀ ਰਾਗ ਵਿਚ 'ਮਨ' ਬਾਰੇ ਇਹ ਗੱਲ ਸਪੱਸ਼ਟ ਕੀਤੀ ਹੈ—

ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉਕਰਿ ਮੂੜਾ ਪਾਵੈ ॥੪॥੨॥੯॥ (ਪੰਨਾ ੭੩੧)

ਪੰਜਵੇਂ ਪਾਤਸ਼ਾਹ ਜੀ ਨੇ ਤਾਂ ਮਨ ਨੂੰ ਅੜਬੰਗ ਖੋਤੇ ਵਾਂਗ ਬੜਾ ਬੇ-ਵਿਸ਼ਵਾਸਾ ਦਸਿਆ ਹੈ ਅਤੇ ਫੁਰਮਾਇਆ ਹੈ ਕਿ ਇਸ ਦੇ ਪੈਖੜ ਓਦੋਂ ਹੀ ਖੋਲ੍ਹਣੇ ਚਾਹੀਦੇ ਹਨ ਜਦੋਂ (ਨਾਮ ਦੇ ਅਜਪਾ ਜਾਪ ਨਾਲ) ਇਸ ਨੂੰ ਲਦ ਲਿਆ ਜਾਏ। ਫੁਰਮਾਨ ਹੈ—

ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥
ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥ਰਹਾਉ॥੫੮॥ (ਬਿਲਾਵਲੁ–੮੧੫)

ਮਨ ਦੀ ਸਥਿਰਤਾ ਲਈ ਸਤਿਗੁਰਾਂ ਨੇ ਨਾਮ-ਸਿਮਰਨ ਦਾ ਰਾਹ ਹੀ ਦਸਿਆ ਹੈ—

ਮਨ ਪਰਬੋਧਹੁ ਹਰਿ ਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥੩॥੧੯॥ (ਸੁਖਮਨੀ ਸਾਹਿਬ)

ਪਰ "ਹਰਿ ਕੈ ਨਾਇ" ਵਿਚ ਮਨ ਦੀ ਸੁਰਤਿ ਦਾ ਜੁੜਨਾ ਬਖਸ਼ਸ਼ ਹੈ, ਬਖਸ਼ਸ਼। ਬਖ਼ਸ਼ਸ਼ ਪ੍ਰਾਪਤ ਕਰਨ ਲਈ ਗੁਰੂ-ਪਿਆਰੇ ਗ਼ਰੀਬੀ ਵਿਚ, ਨਿਮਰਤਾ ਵਿਚ, ਬੈਰਾਗ ਵਿਚ ਜੋਦੜੀਆਂ ਕਰਦੇ ਹਨ—

–ਹਾ ਹਾ ਪ੍ਰਭ ਰਾਖਿ ਲੇਹੁ ॥
ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ਰਹਾਉ॥
(ਧਨਾਸਰੀ ਮ: ੫–੬੭੫)

–ਕਰਹੁ ਕ੍ਰਿਪਾ ਗੋਪਾਲ ਬੀਠੁਲੇ, ਬਿਸਰਿ ਨ ਕਬਹੀ ਜਾਇ ॥ (ਸਾਰਗ ਮ: ੫–੧੨੨੩)
–ਸਾ ਬੁਧਿ ਦੀਜੈ ਜਿਤੁ ਬਿਸਰਹਿ ਨਾਹੀ ॥ ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥੪॥੧੨॥੧੯॥ (੧੦੦)
–ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ ॥
ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ ਮੋਕਉ ਗੁਰਮਤਿ ਨਾਮੁ ਦ੍ਰਿੜੀਜੈ ॥੧॥(੮॥੫) [ਕਲਿਆਨ ਮ:੪–੧੩੨੫

ਨਾਮ-ਅੰਮ੍ਰਿਤ ਦੇ ਜੋ ਭਿਖਾਰੀ ਜਨ ਹੁੰਦੇ ਹਨ ਉਹ ਗੁਰਸਿਖਾਂ, ਨਾਮ-ਰਸੀਆਂ, ਗੁਰੂ-ਦੁਲਾਰਿਆਂ ਦੀ ਸੰਗਤ ਲੋਚਦੇ ਹਨ, ਤਾਂ ਜੁ ਉਨ੍ਹਾਂ ਪਿਆਰਿਆਂ ਦੀ ਸੰਗਤ ਵਿਚ ਨਾਮ-ਸਿਮਰਨ ਦੀ ਬਖਸ਼ਸ਼ ਹੋ ਕੇ ਗੁਰੂ-ਚਰਨਾਂ ਵਿਚ ਜੁੜਿਆ ਜਾਏ। ਇਉਂ ਅਰਜ਼ੋਈਆਂ ਕਰਦੇ ਥਕਦੇ ਨਹੀਂ–

ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥ ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥
ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥ ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥
ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥ ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥
ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ॥ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮਸਾਲੀਐ ੩॥
[ਗੂਜਰੀ ਕੀ ਵਾਰ ਮ: ੫, ਪੰਨਾ ੫੧੮

ਨਿਮਰ-ਭਾਵ ਵਿਚ ਵਿਚਰਦੇ ਹੋਏ ਉਹ ਇਹੋ ਅਰਦਾਸ ਕਰਦੇ ਹਨ, ਹੇ ਪ੍ਰਭੂ! "ਆਪਹੁ ਕਛੂ ਨ ਹੋਇ", ਆਪਣੀ ਕੋਈ ਸਮਰੱਥਾ ਨਹੀਂ, ਆਪ ਮਿਹਰ ਦੀ ਨਜ਼ਰ ਕਰੋ, ਸੰਤਾਂ ਗੁਰਮੁਖਾਂ ਦੀ ਸੰਗਤ ਬਖ਼ਸ਼ੋ, ਉਨ੍ਹਾਂ ਦੀ ਸੇਵਾ ਬਖ਼ਸ਼ੋ ਅਤੇ ਉਨ੍ਹਾਂ ਦੀ ਸੰਗਤ ਵਿਚ ਨਾਮ-ਸਿਮਰਨ ਦੀ ਦਾਤਿ ਬਖ਼ਸ਼ ਕੇ, ਆਪਣੇ ਚਰਨਾਂ ਨਾਲ ਜੋੜ ਲਓ।

ਸੋ ਅੰਮ੍ਰਿਤ-ਬਾਣੀ ਦਾ ਅੰਮ੍ਰਿਤ-ਰਸ ਭੁੰਚਣ ਲਈ ਗੁਰੂ-ਪਿਆਰੇ ਪਿਛਲ ਰਾਤਿ ਉਠਦੇ, ਪੂਰਨ ਸਕੇਸ਼ੀ ਇਸ਼ਨਾਨ ਕਰਦੇ, ਸਾਵਧਾਨ ਹੁੰਦੇ* ਜੁੜ ਬੈਠਦੇ ਹਨ ਅਤੇ ਸਤਿਗੁਰਾਂ ਦੇ ਹੁਕਮ ਅਨੁਸਾਰ–

* ਜਿਥੇ ਇਕ ਪਰਵਾਰ ਦੇ ਜੀਅ ਰਲ ਕੇ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਅਤੇ ਅੰਮ੍ਰਿਤ-ਬਾਣੀਆਂ ਦੇ ਪਾਠ ਕਰਦੇ ਹਨ, ਉਹ ਵੀ ਸਤਸੰਗਤ ਹੈ ਅਤੇ ਉਥੇ ਨਾਮ ਬਾਣੀ ਦੀ ਅੰਮ੍ਰਿਤ-ਕਲਾ ਵਰਤਦੀ ਹੈ।



www.AKJ.Org

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥੨॥੧੧॥ [ਮ: ੪–੩੦੫

ਇਉਂ ਗੁਰੂ ਕੇ ਸਿਖ ਅੰਮ੍ਰਿਤ ਵੇਲੇ ਸਾਵਧਾਨ ਹੋ ਨਾਮ-ਬਾਣੀ ਦਾ ਅੰਮ੍ਰਿਤ-ਰਸ ਭੁੰਚਦੇ–ਦਿਵਸ ਚੜ੍ਹੇ ਤਕ ਗੁਰਬਾਣੀ ਗਾਂਦੇ-ਸੁਣਦੇ ਅਨੰਦ ਮਾਣਦੇ ਹਨ।

ਅੰਮ੍ਰਿਤ ਵੇਲੇ ਦੀ ਨਾਮ-ਅਭਿਆਸ ਕਮਾਈ ਨਾਲ ਅਤੇ ਸਤਿਗੁਰੂ ਦੀ ਬਖ਼ਸ਼ਸ਼ ਨਾਲ ਅੰਤਸ਼ਕਰਣ ਗੁਰੂ-ਵਾਹਿਗੁਰੂ ਦੇ ਚਰਨਾਂ ਨਾਲ ਇਕ-ਸੁਰ ਹੁੰਦਾ ਹੈ। ਇਕ-ਸੁਰ ਹੋਇਆ ਹਿਰਦਾ ਪੂਰਨ ਇਕਾਗਰ ਹੁੰਦਾ ਹੈ। ਪੂਰਨ ਇਕਾਗਰਤਾ ਵਿਚ ਅੰਤਸ਼ਕਰਨ ਦੀ, ਮਨ ਦੀ ਸਮਰੱਥਾ ਅਤੀ ਬਲਵਾਨ ਹੁੰਦੀ ਹੈ, ਉਸ ਦਸ਼ਾ ਵਿਚ **ਨਾਮ-ਅੰਮ੍ਰਿਤ-ਰਸ ਭੁੰਚਦਿਆਂ ਜੋ ਬਾਣੀ ਜਾਂ ਨਿਤਨੇਮ ਦਾ ਉਚਾਰਨ ਹੁੰਦਾ ਹੈ, ਉਹ ਇਕ ਇਕ ਸ਼ਬਦ ਤੀਰ ਵਾਂਗ ਅੰਦਰਲੇ ਨੂੰ ਵਿੰਨ੍ਹਦਾ ਜਾਂਦਾ ਹੈ।** ਇਸ ਇਕਾਗਰ ਅਵੱਸਥਾ ਵਿਚ ਬਾਣੀ ਭਾਵੇਂ ਕਿਸੇ ਚਾਲ ਵਿਚ ਉਚਾਰੀ ਜਾਵੇ, ਕਿੰਨੀ ਛੇਤੀ ਵੀ ਉਚਾਰੀ ਜਾਵੇ, ਉਹ ਬਲਵਾਨ ਇਕਾਗਰ ਤੇ ਫੁਰਤੀਲਾ ਮਨ, ਜੋ ਇਕ ਖਿਨ ਵਿਚ ਦੇਸਾਂ ਬਦੇਸਾਂ ਵਿਚ ਘੁੰਮ ਆਉਂਦਾ ਹੈ, ਹਰੇਕ ਹੁਕਮ ਨੂੰ ਖਿਨ ਖਿਨ ਉਸੇ ਤੇਜ਼ੀ ਨਾਲ ਅੰਤਰ-ਆਤਮੇ ਸੰਭਾਲਦਾ ਤੇ ਅੰਮ੍ਰਿਤ-ਰਸ ਭੁੰਚਦਾ ਹੈ।

ਹਜ਼ਾਰੀ ਬਾਗ ਜੇਲ੍ਹ ਵਿਚ ਵੀਹ ਸਿੰਘ ਸਣੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਵਖ ਵਖ ਕੋਠੀਆਂ ਵਿਚ ਬੰਦ ਹਨ। ਨਾਮ-ਬਾਣੀ ਦਾ ਅੰਮ੍ਰਿਤ-ਰਸ ਭੁੰਚਣ ਦਾ ਜ਼ਿਕਰ ਭਾਈ ਸਾਹਿਬ 'ਜੇਲ੍ਹ ਚਿਠੀਆਂ' ਪੁਸਤਕ ਵਿਚ ਕਰਦੇ ਹੋਏ ਲਿਖਦੇ ਹਨ :

"ਜਿੰਦੇ ਵਜੇ ਜੰਗਲਿਆਂ ਅੰਦਰ ਤਾੜੇ ਹੋਏ ਸਿੰਘ ਸੂਰਬੀਰਾਂ ਦੇ ਅਜਿਹੇ ਬੋਲ-ਬਾਲੇ ਕਿ ਸ਼ੇਰਾਂ ਵਾਂਗੂ ਹੀ ਬਾਣੀਆਂ ਪੜ੍ਹਿ ਪੜ੍ਹਿ ਗੱਜਣ ਅਤੇ ਜਿਉਂ ਜਿਉਂ ਸ਼ੇਰ ਗੱਜਣ ਤਿਉਂ ਤਿਉਂ ਕੋਠੀਆਂ ਗੂੰਜਣ। ਇਕ ਸਜਣ ਬਾਣੀ ਪੜ੍ਹੇ ਤਾਂ ਸਾਰੀਆਂ ਕੋਠੀਆਂ ਵਿਚ ਸੁਣਾਈ ਦੇਵੇ। ਰਾਤ ਨੂੰ ਦੂਰ ਦੂਰ ਸਾਰੇ ਜੇਲ੍ਹ-ਅਹਾਤਿਆਂ ਵਿਚ ਪਾਠਾਂ ਦੀ ਧੁਨੀ ਸੁਣੇ।.....ਰਹਿਰਾਸ ਦਾ ਭੋਗ ਪੈਣ ਸਾਰ ਅਤੇ ਜੈਕਾਰਿਆਂ ਦੀ ਗੁੰਜਾਰ ਠਲ੍ਹਣ ਸਾਰ ਹੀ 'ਦਿਨੁ ਰੈਣਿ', 'ਬਾਰਹਮਾਹਾ ਤੁਖਾਰੀ', 'ਬਾਰਹਮਾਹਾ ਮਾਝ', 'ਫੁਨਹੇ', 'ਚਉਬੋਲੇ', 'ਬਿਰਹੜੇ' ਆਦਿਕ ਬਾਣੀਆਂ ਦੇ ਪ੍ਰੇਮ-ਪਾਠ ਹੋਇਆ ਕਰਨ। ਫੇਰ ਨੌਂ ਸਾਢੇ ਨੌਂ ਅਥਵਾ ਦਸ ਬਜੇ ਕੀਰਤਨ ਸੋਹਿਲੇ ਦਾ ਪਾਠ ਪੜ੍ਹ ਸੁਣ ਕੇ ਸਭ ਸਜਣਾਂ ਨੇ ਗੁਪਤ ਹੋ ਜਾਣਾ। ਗੁਪਤ ਅਭਿਲਾਖੀਆਂ ਨੇ ਨਾਮ-ਅਭਿਆਸ ਵਿਚ ਜੁਟ ਜਾਣਾ ਅਤੇ ਜੁਟੇ ਜੁਟਾਏ ਹੀ ਗੁੱਟ ਹੋ ਜਾਣਾ।.....ਇਕ ਬਜੇ ਹੀ ਉਠ ਕੇ ਇਸ਼ਨਾਨੇ ਸੋਧੇ ਜਾਣ। ਰਾਤ ਦੇ ਦੋ ਬਜੇ ਤੋਂ ਦਿਨ ਚੜ੍ਹੇ ਜਿੰਦਰਾ ਖੁਲ੍ਹਣ ਤਕ ਬਾਣੀ ਦੇ ਤੋੜ ਅਖੰਡ ਪਰਵਾਹ ਚਲੇ।.....ਅੰਮ੍ਰਿਤ ਵੇਲੇ ਉਠਣ ਸਾਰ ਪਹਿਲਾਂ ਜਪੁ ਜੀ ਸਾਹਿਬ, ਹਜ਼ਾਰੇ ਸ਼ਬਦ, ਜਾਪੁ ਸਾਹਿਬ, ਹਜ਼ਾਰੇ ਦੇ ਸ਼ਬਦ ਪਾ: ੧੦ ਅਤੇ ਸਵੱਈਏ ਆਦਿਕ ਬਾਣੀਆਂ ਦਾ ਪਾਠ ਹੋ ਕੇ ਸ੍ਰੀ ਆਸਾ ਜੀ ਦੀ ਵਾਰ ਸ਼ਬਦ ਛੱਕਿਆਂ ਸਮੇਤ ਅਲਾਪਣੀ ਹੋਣੀ। ਫੇਰ ਸੁਖਮਨੀ ਸਾਹਿਬ, *ਸੁਖਮਨਾ ਸਾਹਿਬ, ਬਾਵਨ ਅਖਰੀ, ਅਕਾਲ ਉਸਤਤਿ ਆਦਿਕ ਬਾਣੀਆਂ ਦੇ ਪਾਠਾਂ ਦੇ ਸੁਰਤਿ-ਸੂਤ ਆਨੰਦ ਮੰਗਲ ਹੋਣੇ। ਨਿਤਾਪ੍ਰਤੀ ਰੋਲ ਸੁਧੇ ਨਿਤ ਨਵੇਂ ਸਜਣ ਪਾਠ ਸੁਣਾਵਣ।"

ਉਪਰੋਕਤ ਬਾਣੀਆਂ ਦੇ ਪਾਠ ਕਿਸ ਚਾਲ ਵਿਚ, ਛੇਤੀ ਛੇਤੀ ਜਾਂ ਹੌਲੀ ਹੌਲੀ ਕਿਸ ਰੰਗ ਵਿਚ ਕਿਵੇਂ ਉਚਾਰਨ ਹੁੰਦੇ ਸਨ, ਇਨ੍ਹਾਂ ਦਾ ਅੰਦਾਜ਼ਾ ਪਾਠਕ ਜਨ ਆਪ ਹੀ ਲਾ ਸਕਦੇ ਹਨ। ਨਾਮ-ਰੰਗ-ਬੀਧੇ ਪ੍ਰੇਮੀ ਜਨ ਤਰੰਗਾਂ

* ਰਾਗ ਬਿਲਾਵਲ, ਨਟ, ਕਾਨੜਾ ਤੇ ਕਲਿਆਨ, ਇਨ੍ਹਾਂ ਚਹੁੰਆਂ ਰਾਗਾਂ ਵਿਚ ਚੌਥੀ ਪਾਤਸ਼ਾਹੀ ਦੀਆਂ ਛੇ ਛੇ ਅਸ਼ਟਪਦੀਆਂ ਹਨ। ਇਨ੍ਹਾਂ ੨੪ ਅਸ਼ਟਪਦੀਆਂ ਦੇ ਸਮੁਦਾਇ ਦਾ ਨਾਮ 'ਸੁਖਮਨਾ ਸਾਹਿਬ' ਹੈ। ਭਜਨੀਕ ਸਿੰਘ ਇਸ ਦਾ ਪਾਠ ਸੁਖਮਨੀ ਸਾਹਿਬ ਵਾਂਗ ਹੀ ਖਾਸ ਪ੍ਰੇਮ ਨਾਲ ਕਰਦੇ ਹਨ।


www.AKJ.Org

ਵਿਚ ਬਾਣੀ ਉਚਾਰਦੇ। ਉਸ ਤਰੰਗੀ ਵੇਗ ਵਿਚ ਇਕ ਇਕ ਸ਼ਬਦ ਵਿਚ ਹੁਕਮਾਏ ਹਰੇਕ ਹੁਕਮ ਨੂੰ ਉਹ ਪੂਰੇ ਵੇਗ ਨਾਲ ਹੀ ਅੰਤਰ ਆਤਮੇ ਭੁੰਚਦੇ ਤੇ ਅੰਮ੍ਰਿਤ-ਰਸ ਮਾਣਦੇ। ਉਨ੍ਹਾਂ ਦਾ ਅੰਮ੍ਰਿਤ-ਭਿੰਨਾ-ਮਨ ਇਤਨਾ ਸਾਵਧਾਨ ਹੁੰਦਾ ਕਿ ਪੂਰੇ ਵੇਗ ਵਿਚ ਉਚਾਰੀ ਜਾ ਰਹੀ ਬਾਣੀ ਦਾ ਹਰੇਕ ਹੁਕਮ, ਉਸੇ ਅਗੰਮੀ ਵੇਗ ਵਿਚ ਅੰਤਰ-ਆਤਮੇ ਉਕਰਿਆ ਜਾਂਦਾ।

'ਗੁਰਬਾਣੀ' ਤੇ 'ਨਾਮ' ਓਤਿ ਪੋਤਿ ਹਨ। ਗੁਰਬਾਣੀ ਪ੍ਰਾਣੀ ਨੂੰ ਨਾਮ ਨਾਲ ਜੋੜਦੀ ਹੈ ਅਤੇ ਨਾਮ-ਜਾਪ ਕਰਿ ਬਾਣੀ ਦੇ ਅੰਮ੍ਰਿਤ-ਰਸ ਭੁੰਚੀਏ ਹਨ। ਜਿਵੇਂ ਕਿ ਗੁਰ ਹੁਕਮ ਹਨ–

–ਗੁਰਬਾਣੀ ਸੁਣਿ ਮੈਲੁ ਗਵਾਏ ॥ ਸਹਜੇ ਹਰਿ ਨਾਮੁ ਮੰਨਿ ਵਸਾਏ ॥ਰਹਾਉ॥੪।੫॥ (੬੬੫)

–ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥ ਗੁਰਬਾਣੀ ਹਰਿ ਅਲਖੁ ਲਖਾਇਆ ॥੧॥੫੫॥ (੩੯੬)

–ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥ਰਹਾਉ॥੪॥੪॥ (੭੯੮)

–ਅੰਮ੍ਰਿਤ ਬਾਣੀ ਮਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧੬॥ (੧੧੮)

–ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥੧॥੧੨॥ [ਸਲੋਕ ਮ: ੫–੯੬੩

–ਸਤਿਗੁਰ ਕੀ ਬਾਣੀ ਸਤਿ ਸਰੂਪ ਹੈ, ਗੁਰਬਾਣੀ ਬਣੀਐ ॥੯॥ (੩੦੪)

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਬਾਣੀ ਦੇ ਉਚਾਰਨ ਬਾਰੇ ਫੁਰਮਾਇਆ ਹੈ—

ਬਾਣੀ ਮੁਖਹੁ ਉਚਾਰੀਐ ਹੁਇ ਰੁਸ਼ਨਾਈ ਮਿਟੈ ਅੰਧਿਆਰਾ ॥ ਵਾਰ ੧, ਪਉੜੀ ੩੮

ਸੋ, ਸਾਰ ਸਿੱਟਾ ਇਹੋ ਹੈ ਕਿ ਬਾਣੀ ਦੇ ਉਚਾਰਨ ਨਾਲ ਅੰਦਰਲੇ ਅਗਿਆਨਤਾ ਦੇ ਅੰਧੇਰੇ ਨੂੰ ਦੂਰ ਕਰ ਕੇ, ਅੰਤਰ-ਆਤਮੇ ਨਾਮ ਦਾ ਪ੍ਰਕਾਸ਼ ਕਰਨਾ ਹੈ। ਇਉਂ ਹੀ "ਪੂਰਨ ਜੋਤਿ ਜਗੈ ਘਟ ਮੈ" ਦਾ ਵਰਤਾਰਾ ਵਰਤੀਜ ਕੇ ਪੂਰਨ ਖਾਲਸਾ ਹੋਈਦਾ ਹੈ।

ਉਪਰੋਕਤ ਵਿਚਾਰ ਤੇ ਗੁਰ-ਹੁਕਮਾਂ ਤੋਂ ਸੇਧ ਲੈ ਕੇ ਇਹ ਲਖਣ ਲਾਇਆ ਜਾ ਸਕਦਾ ਹੈ ਕਿ ਗੁਰਬਾਣੀ ਨੂੰ ਕਿਵੇਂ ਉਚਾਰਨ ਕਰਨਾ ਬਣਦਾ ਹੈ, ਜਿਸ ਤਰ੍ਹਾਂ ਕਿ ਅੰਮ੍ਰਿਤ-ਰਸ ਦੇ ਛਾਂਦੇ ਭੁੰਚੇ ਜਾ ਸਕਣ।

---

[ਸਫ਼ਾ ੨੬ ਦੀ ਬਾਕੀ]

**ਨਹੀਂ ਪਹੁੰਚਦੇ** ਤਾਂ ਨਾਭੀ ਤੋਂ ਅਗੇ ਦਸਮ ਦੁਆਰ ਕਿਵੇਂ ਪਹੁੰਚਣਗੇ ? ਇਸ ਲਈ "ਵਾਹਿਗੁਰੂ" ਸ਼ਬਦ ਦਾ ਦਰੁਸਤ ਉਚਾਰਨ ਅਤੀ ਜ਼ਰੂਰੀ ਹੈ।

ਦੂਸਰੇ ਸਿਧਾਂਤ, ਵੇਦਾਂਤ ਜਾਂ ਯੋਗ, ਆਤਮ-ਸਾਕਸ਼ਾਤਕਾਰ ਤਕ ਤਾਂ ਲੈ ਜਾ ਸਕਦੇ ਹਨ, ਪਰ ਅਕਾਲ ਪੁਰਖ ਤਕ ਇਨ੍ਹਾਂ ਦੀ ਰਸਾਈ (ਪਹੁੰਚ) ਨਹੀਂ। **ਅਕਾਲ ਪੁਰਖ ਦਾ ਮਿਲਾਪ ਗੁਰਮਤਿ, ਤੇ ਸਿਰਫ਼ ਗੁਰਮਤਿ ਦਵਾਰਾ ਹੀ ਸੰਭਵ ਹੈ। ਗੁਰਮਤਿ ਵਿਚ ਭੀ ਅੰਮ੍ਰਿਤ-ਕਲਾ ਦਾ ਵਰਤਣਾ ਪਹਿਲੀ ਲਾਜ਼ਮੀ ਸ਼ਰਤ ਹੈ।** ਅੰਮ੍ਰਿਤ-ਕਲਾ ਤੋਂ ਬਗੈਰ ਗੁਰਮਤਿ ਦਾ ਭੀ ਕੋਈ ਮਤਲਬ ਨਹੀਂ। ਜੇ ਹਕੀਕਤ ਨੂੰ ਦੇਖੀਏ ਤਾਂ ਆਤਮ-ਸਾਖਸ਼ਾਤਕਾਰ ਭੀ ਕੋਈ ਆਸਾਨ ਖੇਡ ਨਹੀਂ। ਇਹ ਭੀ ਇਕ ਬਹੁਤ ਬੜੀ ਉਪਲਬਦੀ ਹੈ। ਇਸ ਦਾ ਨਤੀਜਾ ਇਹ ਹੋ ਸਕਦਾ ਹੈ ਕਿ ਉਸ ਪ੍ਰਾਣੀ ਦਾ ਅਗਲਾ ਜਨਮ ਕਿਸੀ ਐਸੇ ਘਰ ਵਿਚ ਹੋਵੇ ਜਿਥੇ ਉਸ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋ ਕੇ ਗੁਰਮਤਿ ਮਾਰਗ ਤੇ ਚਲ ਕੇ ਅਕਾਲ ਪੁਰਖ ਤਕ ਰਸਾਈ ਦਾ ਮੌਕਾ ਮਿਲੇ।*

ਜਪੁਜੀ ਸਾਹਿਬ ਦੀ ਪਹਿਲੀ ਪਉੜੀ ਦੀ ਤੁਛ ਮਾਤਰ ਵਿਆਖਿਆ ਆਪ ਜੀ ਦੇ ਪੇਸ਼ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਨੇ ਵੇਦਾਂਤ, ਯੋਗ, ਵਾਮ ਮਾਰਗ ਆਦਿ ਤੇ ਸਿਆਣਪ ਜਾਂ ਵਿਗਿਆਨ ਦੇ ਸਿਧਾਂਤ Condemn(ਨਕਾਰਾ)ਕਰ, ਇਕ ਨਵਾਂ ਸਿਧਾਂਤ "ਹੁਕਮ" ਤੇ "ਰਜ਼ਾ" ਦਾ ਪੇਸ਼ ਕੀਤਾ ਹੈ। ਇਸ ਸਿਧਾਂਤ ਨੂੰ ਕਿਸੇ ਪਿਛਲੇ ਸਿਧਾਂਤ ਦਾ ਪਿਛਲਗ ਨਾ ਸਮਝਦੇ ਹੋਏ, ਇਕ ਨਵੀਨ ਤੇ ਨਿਰੋਲ ਵਖਰੇ ਸਿਧਾਂਤ ਦੇ ਰੂਪ ਵਿਚ ਸਮਝਦੇ ਹੋਏ ਅਤੇ ਇਸ ਦੀ ਗਹਿਰਾਈ ਵਿਚ ਜਾਂਦੇ ਹੋਏ ਇਸ ਦੇ ਅਸਲ ਰੰਗ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ। **[ਸਮਾਪਤ]**

---

* "ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੇ ਬਗੈਰ ਸੱਚਖੰਡ ਪ੍ਰਵੇਸ਼ ਨਹੀਂ ਹੋ ਸਕਦਾ"–ਇਸ ਦੀ ਵਿਸਥਾਰ ਪੂਰਬਕ ਵਿਚਾਰ ਇਕ ਵਖਰੇ ਲੇਖ ਵਿਚ ਅੰਕਤ ਹੈ, ਜੋ "ਅੰਮ੍ਰਿਤ ਕਲਾ ਤੇ ਸਚਖੰਡ" ਸਿਰਲੇਖ ਹੇਠ ਕਿਸੇ ਆਉਂਦੇ 'ਸੂਰਾ' ਵਿਚ ਛਪੇਗਾ।



www.AKJ.Org

ਗੁਰਮਤੀ ਕਦਰਾਂ—

# ਪੁੰਨ ਦਾਨੁ ਜੋ ਬੀਜਦੇ.....

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਪੁੰਨ ਅਤੇ ਦਾਨ ਹਿੰਦੂ ਕਰਮ-ਧਰਮ ਦੇ ਦੋ ਬਹੁਤ ਵਡੇ ਥੰਮ੍ਹ ਹਨ । ਜੇ ਇਹ ਦੋਵੇਂ ਥੰਮ੍ਹ ਕਢ ਦਿਤੇ ਜਾਣ ਤਾਂ ਹਿੰਦੂ ਧਰਮ ਦੀ ਮਹਾਨ ਇਮਾਰਤ, ਸੁਰਗ ਅਤੇ ਬ੍ਰਾਹਮਣ ਦੀ ਮਾਨਤਾ ਅਤੇ ਦਖਸ਼ਣਾ ਆਦਿ ਵਿਚ ਤਿਖੀਆਂ ਤ੍ਰੇੜਾਂ ਆ ਸਕਦੀਆਂ ਹਨ । ਪਰ ਸਭ ਤੋਂ ਪਹਿਲਾਂ ਪੁੰਨ ਅਤੇ ਦਾਨ ਬਾਰੇ ਸੰਖੇਪ ਜਿਹੀ ਵਿਚਾਰ ਕਰ ਲੈਣੀ ਉਚਿਤ ਹੋਵੇਗਾ ।

**ਪੁੰਨ ਕੀ ਹੈ–**

ਪੁੰਨ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ, "ਸ਼ੁਭ ਕਰਮ, ਪਵਿਤਰ ਫਲ ਦੇਣ ਵਾਲਾ ਫਲ ।" ਇਹ ਉਹ ਕਰਮ ਹੈ ਜਿਸ ਦੇ ਕੀਤਿਆਂ ਮਨੁਖ ਨੂੰ ਸੁਰਗ ਮਿਲਦਾ ਹੈ । ਇਸਲਾਮ ਧਰਮ ਜਾਂ ਈਸਾਈ ਧਰਮ ਵਿਚ ਭੀ ਨੇਕ ਕਰਮ ਦਾ ਫਲ ਬਹਿਸ਼ਤ ਦਸਿਆ ਗਿਆ ਹੈ । ਹੋ ਸਕਦੈ, ਉਸ ਸਮੇਂ ਦੇ ਅਸਭਯ ਮਨੁਖ ਨੂੰ ਮਰਨ ਉਪਰੰਤ ਚੰਗੇ ਭਵਿਖ ਦਾ ਲਾਲਚ ਦੇ ਕੇ ਨੇਕ ਕੰਮ ਕਰਨ ਲਈ ਜ਼ੋਰਦਾਰ ਪ੍ਰੇਰਨਾ ਦਿਤੀ ਗਈ ਹੋਵੇ । ਵੇਦਾਂ ਨੇ ਪੁੰਨ ਦਾ ਅਤੇ ਪਾਪ ਦਾ ਵਿਚਾਰ ਭਾਰਤੀ ਸਮਾਜ ਨੂੰ ਦਿੱਤਾ । ਸਾਹਿਬ ਫੁਰਮਾਉਂਦੇ ਹਨ :—

"ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ...॥੧੫॥ (ਮਾਰੂ ਮ: ੩–੧੦੫੦)

ਭਾਰਤੀ ਧਰਮਾਂ ਦਾ ਸਭ ਤੋਂ ਵੱਡਾ ਸੋਮਾ ਵੇਦ ਹੀ ਹਨ । ਵੇਦਾਂ ਤੋਂ ਇਲਾਵਾ ਸਿਮ੍ਰਿਤੀਆਂ ਅਤੇ ਸ਼ਾਸਤ੍ਰ ਭੀ ਪੁੰਨ ਪਾਪ ਦਾ ਵਿਧਾਨ ਕਰਦੇ ਹਨ–

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ, ਤਤੈ ਸਾਰ ਨ ਜਾਣੀ ॥੨੭॥ (ਰਾਮਕਲੀ ਮ: ੩–੯੨੦)

**ਦਾਨ ਕੀ ਹੈ—**

ਇਸੇ ਤਰ੍ਹਾਂ ਦਾਨ ਦੇ ਭੀ ਮਹਾਨ ਕੋਸ਼ ਵਿਚ ਅਰਥ ਕੀਤੇ ਗਏ ਹਨ, "ਖ਼ੈਰਾਤ, ਦੇਣ ਦਾ ਕਰਮ"

ਜਿਥੇ ਪੁੰਨ ਨੇਕ ਕਰਮ ਹੈ, 'ਪਰਉਪਕਾਰ' ਹੈ, ਉਥੇ ਦਾਨ ਦਾ ਖੇਤਰ 'ਕੁਝ ਹਥੋਂ ਦੇ ਕੇ ਦੂਸਰੇ ਦਾ ਭਲਾ ਕਰਨਾ' ਹੈ । ਇਸ ਦੇ ਅਰਥ ਜੱਗ (ਯਗ੍ਯ) ਦੇ ਭੀ ਕੀਤੇ ਗਏ ਹਨ "ਸਹੰਸਰ ਦਾਨ ਦੇ, ਇੰਦ੍ਰ ਰੋਆਇਆ ।"* ਭਾਵ ਹਜ਼ਾਰ ਜੱਗ ਕਰ ਕੇ ਭੀ ਇੰਦਰ ਨੂੰ ਭੀ ਰੋਣਾ ਪਿਆ, ਆਪਣੇ ਕੀਤੇ ਕੁਕਰਮ ਦੀ ਸਜ਼ਾ ਮੁਆਫ਼ ਨ ਹੁੰਦੀ ਦੇਖ ਕੇ ।

ਕੀ ਗੁਰਮਤਿ 'ਪੁੰਨ ਦਾਨ' ਨੂੰ ਅਹਿਮੀਅਤ ਦਿੰਦੀ ਹੈ ? ਉਤਰ ਹੈ, 'ਨਹੀਂ' । ਗੁਰਮਤਿ ਨੇ ਕੇਵਲ ਹਰੀ ਨਾਮ ਨੂੰ ਹੀ ਸਰਬੋਤਮ ਅਸਥਾਨ ਦਿਤਾ ਹੈ :–

ਪੁੰਨ ਦਾਨ ਜਪ ਤਪ ਜੇਤੇ, ਸਭ ਊਪਰਿ ਨਾਮੁ ॥੩॥੧੨੦॥ (ਆਸਾ ਮ: ੫–੪੦੧)

ਹਿੰਦੂ ਧਰਮ ਵਿਚ ਪੁੰਨ (ਕਰਮ) ਅਤੇ ਦਾਨ ਦੋਵੇਂ ਬੜੇ ਸ੍ਰੇਸ਼ਟ ਅਤੇ ਉਚ ਦਰਜੇ ਦੇ ਗੁਣ ਮੰਨੇ ਗਏ ਹਨ । ਦਾਨ ਕਈ ਪ੍ਰਕਾਰ ਦਾ ਹੋ ਸਕਦਾ ਹੈ : ਅੰਨ ਦਾਨ, ਧਨ ਦਾਨ, (ਸੋਨਾ) ਤੁਲਾ ਦਾਨ, ਭੂਮੀ ਦਾਨ, ਬਲੀ ਦਾਨ, ਕੰਨਿਆ-ਦਾਨ, ਵਿਦਿਆ ਦਾਨ, ਸਰਬੰਸ ਦਾਨ, ਆਦਿ । ਵੇਖਣ ਵਿਚ ਆਇਆ ਹੈ ਕਿ ਦਾਨ ਲੈਣ ਵਾਲਾ ਤਾਂ ਦਾਨ ਲੈ ਜਾਂਦਾ ਹੈ, ਪਰ ਦਾਨ ਦੇਣ ਵਾਲੇ ਦੇ ਅੰਦਰ ਇਕ ਨਿੱਕਾ ਜਿਹਾ, ਸੂਖਮ ਜਿਹਾ ਹਉਮੈ ਦਾ ਬੀਜ ਵਧਦਾ ਵਧਦਾ ਵਿਰਾਟ ਰੂਪ ਧਾਰਨ ਕਰ ਜਾਂਦਾ ਹੈ । ਹੌਲੀ ਹੌਲੀ ਦਾਨੀ ਸਜਨ ਫਿਰ ਅਭਿਮਾਨੀ ਸਜਨ ਬਣ ਜਾਂਦਾ ਹੈ । ਅਜਿਹੇ ਅਭਿਮਾਨੀ ਪੁਰਸ਼ ਬਾਰੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਫ਼ੁਰਮਾਂਦੇ ਹਨ ਕਿ ਅਭਿਮਾਨੀ ਪੁਰਸ਼ ਦਾ ਦਾਨ-ਪੁੰਨ ਬਰਤ ਨੇਮ ਆਦਿ ਕੀਤਾ ਹੋਇਆ ਸਭ ਕੁਝ ਨਿਸਫਲ ਜਾਂਦਾ ਹੈ–

ਤੀਰਥ ਬਰਤ ਅਰੁ ਦਾਨ ਕਰਿ, ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ, ਜਿਉ ਕੁੰਚਰ ਇਸਨਾਨੁ ॥੪੬॥ (ਪੰਨਾ ੧੪੨੮)

ਸੱਚੀ ਦਰਗਾਹ ਵਿਚ ਉਸ ਲਈ ਕੋਈ ਥਾਂ ਨਹੀਂ ਬਣਦੀ, ਕਿਉਂਕਿ ਵਾਹਿਗੁਰੂ ਜੀ ਸਚਖੰਡ ਵਿਚ

*ਵਾਰ ਰਾਮਕਲੀ, ਸਲੋਕੁ ਮ: ੧, ਪਉੜੀ ੧੪ ਦੇ ਨਾਲ ।



www.AKJ.Org

ਅਭਿਮਾਨੀਆਂ ਨੂੰ ਕਦੀ ਥਾਂ ਨਹੀਂ ਦਿੰਦੇ। ਸਾਡੇ ਸਾਹਮਣੇ ਰਾਜਾ ਹਰੀਸ਼ ਚੰਦਰ ਮਹਾਂ ਦਾਨੀ ਦੀ ਮਿਸਾਲ ਹੈ। ਹਿੰਦੂ ਧਰਮ ਅਨੁਸਾਰ ਤਾਂ ਉਹ ਇਕ ਆਦਰਸ਼ਕ ਦਾਨੀ ਰਾਜਾ ਸੀ, ਪਰ ਸਤਿਗੁਰੂ ਨਾਨਕ ਦੇਵ ਜੀ ਨੇ ਜਦੋਂ ਇਸ ਮਹਾਂ ਦਾਨੀ ਜੀ ਦਾ ਸਚਖੰਡੀ ਕਦਰਾਂ ਦੇ ਮਿਆਰ ਨਾਲ ਮੁਲਾਂਕਣ ਕੀਤਾ ਤਾਂ ਉਸਦਾ ਮਹਾਂ ਦਾਨੀ ਹੋਣਾ ਇਕ ਮਹਾਨ ਔਗੁਣ ਸਾਬਤ ਹੋਇਆ, ਜਿਸ ਕਰਕੇ ਅਕਾਲ ਪੁਰਖ ਦੇ ਹੁਕਮ ਅੰਦਰ ਉਹ ਮੰਡੀ ਵਿਚ ਵਿਕਿਆ–

ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥
ਅਉਗੁਣ ਜਾਣੈ ਤ ਪੁੰਨ ਕਰੇ ਕਿਉ, ਕਿਉ ਨੇਖਾਸਿ ਬਿਕਾਈ ॥੨॥ (ਪੰਨਾ ੧੩੪੪)

ਇਸੇ ਸ਼ਬਦ ਵਿਚ ਰਾਜਾ ਬਲ ਅਤੇ ਰਾਜਾ ਜਨਮੇਜੇ ਦਾ ਭੀ ਜ਼ਿਕਰ ਕੀਤਾ ਗਿਆ ਹੈ, ਜੋ ਆਪਣੇ ਸਮੇਂ ਦੇ ਮਹਾਨ ਦਾਨੀ ਸਨ। ਗੁਰਮਤਿ ਦਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹੋਏ ਸਤਿਗੁਰੂ ਜੀ ਸੋਧ ਦਿੰਦੇ ਹਨ ਕਿ ਮਨੁਖ ਕਰਨਹਾਰ ਨਹੀਂ, ਅਕਾਲ ਪੁਰਖ ਕਰਤਾ ਹੈ। ਪਰ ਮਨੁਖ ਭੁਲੇਖੇ ਨਾਲ ਸਮਝ ਬੈਠਦਾ ਹੈ ਕਿ ਉਹ ਦਾਨ ਪੁੰਨ ਕਰਦਾ ਹੈ। ਵਾਹਿਗੁਰੂ ਜੀ ਦੇ ਭਗਤ ਜਨ ਇਸ ਅਹੰਕਾਰ ਤੋਂ ਉਪਰ ਉਠ ਜਾਂਦੇ ਹਨ। ਜਿਵੇਂ ਉਪਰੋਕਤ ਸ਼ਬਦ ਦੀਆਂ ਅਗਲੇਰੀਆਂ ਪੰਗਤੀਆਂ ਵਿਚ ਆਇਆ ਹੈ–

ਗੁਰਮੁਖਿ ਅਲਿਪਤੁ, ਲੇਪੁ ਕਦੇ ਨ ਲਾਗੈ, ਸਦਾ ਰਹੈ ਸਰਣਾਈ ॥
ਮਨਮੁਖੁ ਮੁਗਧੁ ਆਗੈ ਚੇਤੈ ਨਾਹੀ, ਦੁਖਿ ਲਾਗੈ ਪਛੁਤਾਈ ॥੬॥
ਆਪੇ ਕਰੇ ਕਰਾਏ ਕਰਤਾ, ਜਿਨਿ ਏਹ ਰਚਨਾ ਰਚੀਐ ॥
ਹਰਿ, ਅਭਿਮਾਨੁ ਨ ਜਾਈ ਜੀਅਹੁ, ਅਭਿਮਾਨੇ ਪੈ ਪਚੀਐ ॥੭॥ (ਪ੍ਰਭਾਤੀ ਮ: ੧, ਪੰਨਾ ੧੩੪੪)

ਮਨਮੁਖ ਦੇ ਦਿਲੋਂ ਅਭਿਮਾਨ ਨਹੀਂ ਜਾਂਦਾ, ਜਿਸ ਕਰਕੇ ਉਹ ਖੁਆਰ ਹੁੰਦਾ ਹੈ। "ਹਰੀਚੰਦੁ ਦਾਨੁ ਕਰੈ, ਜਸੁ ਲੇਵੈ" (੨੨੪) ਤੋਂ ਭੀ ਦਾਨੀ ਰਾਜੇ ਦੀ ਮਾਨਸਿਕ ਦਸ਼ਾ ਦਾ ਪਤਾ ਲਗਦਾ ਹੈ।

ਇਹੋ ਗੱਲ ਪੁੰਨ ਕਰਮ ਕਰਨ ਵਾਲੇ ਸਜਨ ਦਾ ਹੁੰਦਾ ਹੈ। ਤੀਰਥਾਂ ਦੇ ਇਸ਼ਨਾਨ, ਪੁੰਨ ਕਰਮ, ਕਈ ਪ੍ਰਕਾਰ ਦੀ ਦੇਵ ਪੂਜਾ, ਪੁੰਨ ਕਰਮ ਹੈ। ਕਈ ਪ੍ਰਕਾਰ ਦੇ ਵਰਤ, ਹੋਮ, ਜਗ ਭੀ ਪੁੰਨ ਕਰਮ ਹਨ। ਇਹਨਾਂ ਦਾ ਇਕ ਫਲ ਤਾਂ ਸੁਰਗ ਹੋ ਸਕਦਾ ਹੈ, ਜਿਥੋਂ (ਸੁਰਗ ਦਾ ਅਨੰਦ ਭੋਗ ਕੇ) ਮਨੁਖ ਨੂੰ ਫਿਰ ਇਸ ਦੁਖਾਂ ਭਰੇ ਸੰਸਾਰ ਵਿਚ ਪਰਤਣਾ ਪੈਂਦਾ ਹੈ। ਅਤੇ ਦੂਜਾ ਫਲ ਹੈ–ਹਉਮੈ। ਜਿੰਨਾ ਚਿਰ ਇਹ ਹਉਮੈ ਨਹੀਂ ਮੁਕਦੀ, ਜਨਮ ਮਰਨ ਦਾ ਚਕਰ ਚਲਦੇ ਹੀ ਰਹਿਣੈ। ਇਸ ਲਈ ਸਾਹਿਬਾਂ ਨੇ ਸਿਖ ਨੂੰ ਸਮੇਂ ਸਿਰ ਚਿਤਾਵਨੀ ਦੇ ਦਿਤੀ :–

ਪੁੰਨ ਦਾਨੁ ਜੋ ਬੀਜਦੇ, ਸਭ ਧਰਮ ਰਾਇ ਕੈ ਜਾਈ ॥
ਬਿਨੁ ਸਤਿਗੁਰੂ, ਜਮਕਾਲੁ ਨ ਛੋਡਈ, ਦੂਜੈ ਭਾਇ ਖੁਆਈ ॥੧੯॥ (ਸਲੋਕ ਮਹਲਾ ੩, ਪੰਨਾ ੧੪੧੪)

ਸਵਾਲ ਇਹ ਨਹੀਂ ਕਿ ਪੁੰਨ ਦਾਨ ਆਪਣੇ ਆਪ ਵਿਚ ਮਾੜੇ ਕਰਮ ਹਨ। ਉਪਰਲੀ ਵਿਚਾਰ ਤੋਂ ਜਿਵੇਂ ਸਪੱਸ਼ਟ ਹੁੰਦਾ ਹੈ ਕਿ ਪੁੰਨ ਦਾਨ ਨਾਲ ਜੇ ਸਾਡੀ ਹਉਮੈ ਵਧਦੀ ਹੈ ਤਾਂ ਸਾਨੂੰ ਧਰਮਰਾਜ ਪਾਸ ਲੇਖਾ ਦੇਣਾ ਪਵੇਗਾ। ਪਰ ਜੇਕਰ ਨਿਰਲੇਪ ਹੋ ਕੇ ਹਉਮੈ ਤੋਂ ਉਠ ਕੇ ਪੁੰਨ ਦਾਨ ਆਦਿ ਨੇਕ ਕੰਮ ਕੀਤੇ ਜਾਣ ਤਾਂ ਉਹ ਗੁਰਮਤਿ ਆਸ਼ੇ ਤੋਂ ਉਲਟ ਨਹੀਂ ਕਹੇ ਜਾ ਸਕਦੇ। ਇਸੇ ਲੇਖ-ਲੜੀ ਦੇ ਪਰਉਪਕਾਰ ਦੇ ਸੰਬੰਧ ਵਿਚ ਜਿਵੇਂ ਲਿਖਿਆ ਜਾ ਚੁਕਾ ਹੈ, ਕਿ ਮਨੁਖ ਸਭ ਕੁਝ ਉਸ ਵਾਹਿਗੁਰੂ ਜੀ ਦਾ ਸਮਝ ਕੇ ਹਥੋਂ ਦੇ ਕੇ ਭਲਾ ਮਨਾਵੇ ਅਤੇ ਕਿਸੇ ਤਰ੍ਹਾਂ ਦੀ ਕੋਈ ਲਾਲਸਾ ਨਾ ਰਖੇ ਤਾਂ ਹੀ ਉਸ ਦਾ ਦਿਤਾ ਸਫਲ ਹੈ। ਸੋ ਪੁੰਨ ਕਰਮ ਜੇ ਕਰਮ-ਕਾਂਡ ਦੇ ਅੰਧੇਰ-ਚਕਰ ਤੋਂ ਬਾਹਰ ਨਿਕਲ ਕੇ, ਵਾਹਿਗੁਰੂ ਜੀ ਦੇ ਸਾਜੇ ਪ੍ਰਾਣੀਆਂ ਦਾ ਭਲਾ ਕਰਨ ਲਈ ਕੀਤੇ ਜਾਣ ਤਾਂ ਇਹ ਗੁਰਮਤਿ ਅੰਦਰ ਪਰਵਾਨ ਹੈ।

ਇਕ ਹੋਰ ਨਵੀਂ ਸੇਧ ਸ੍ਰੀ ਗੁਰੂ ਰਾਮਦਾਸ ਜੀ ਨੇ ਆਸਾ ਮ: ੪ (ਛੰਤ) ਵਿਚ ਬਖਸ਼ਸ਼ ਕੀਤੀ ਹੈ–

ਜਨ ਨਾਨਕ ਹਰਿ ਪੁੰਨੁ ਬੀਜਿਆ, ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥ (੪੫੧)

ਸਿਖ ਨੇ ਨਾਮ ਜਪਣ ਦੇ ਪੁੰਨ-ਕਰਮ ਨੂੰ ਸਾਰੀ ਜ਼ਿੰਦਗੀ ਰੰਗਾਂ ਵਿਚ ਕਰੀ ਜਾਣਾ ਹੈ। ਇਹ ਪੁੰਨ-ਕਰਮ ਕਦੀ


www.AKJ.Org

ਮੁਕਦਾ ਨਹੀਂ, ਸੁਰਗਾਂ ਆਦਿ ਤੋਂ ਉਪਰ ਜਾ ਕੇ ਮਨੁਖ ਨੂੰ ਸਚ ਖੰਡ ਦਾ ਵਾਸੀ ਬਣਾ ਦਿੰਦਾ ਹੈ।

ਪੁੰਨ ਦਾਨ ਨ ਤੁਲਿ ਕਿਰਿਆ, ਹਰਿ ਸਰਬ ਪਾਪਾ ਹੰਤ ਜੀਉ ॥੧॥ (ਰਾਮਕਲੀ ਮ: ੫-੯੨੭)

ਭਾਵ, ਪੁੰਨ ਦਾਨ ਦੀ ਕਿਰਿਆ, ਹਰੀ ਨਾਮ ਦੇ ਤੁਲ ਨਹੀਂ ਹੋ ਸਕਦੀ, ਕਿਉਂਕਿ ਹਰੀ ਨਾਮ ਸਮੂਹ ਪਾਪਾਂ ਦਾ ਨਾਸ ਕਰ ਕੇ ਮਨੁਖ ਨੂੰ ਜਨਮ ਮਰਨ ਦੇ ਚੱਕਰ ਵਿਚੋਂ ਕੱਢ ਦਿੰਦਾ ਹੈ।

ਭਾਰਤ ਇਕ ਐਸਾ ਦੇਸ਼ ਹੈ ਜਿਥੇ ਦਾਨ ਦੇਣ ਨੂੰ ਸੁਰਗ ਨਾਲ ਜੋੜਿਆ ਗਿਆ ਹੈ, ਜਿਸ ਕਰਕੇ ਇਥੇ ਹਰ ਨਗਰ ਵਿਚ, ਹਰ ਗ੍ਰਾਮ ਅੰਦਰ ਮੰਗਤੇ ਹੀ ਮੰਗਤੇ ਫਿਰਦੇ ਦਿਖਾਈ ਦਿੰਦੇ ਹਨ। ਕਈ ਵਾਰੀ ਤਾਂ ਇਹ ਇਕ ਗਰੁਪ ਦੀ ਸ਼ਕਲ ਵਿਚ ਗਊ ਜਾਂ ਹਾਥੀ (ਜਿਸਨੂੰ ਗਣੇਸ਼ ਦਾ ਸਰੂਪ ਮੰਨ ਸਤਿਕਾਰਿਆ ਜਾਂਦਾ ਹੈ) ਨਾਲ ਲੈ ਕੇ ਘਰ ਘਰ ਮੰਗਦੇ ਦਿਸਦੇ ਹਨ। ਕਈ ਸ਼ਿਵਜੀ ਦੇ ਉਪਾਸ਼ਕ ਤਿੰਨ ਚਾਰ ਇਕੱਠੇ ਹੋ ਕੇ (ਜਿਨ੍ਹਾਂ ਨੂੰ ਜੰਗਮ ਆਖਦੇ ਹਨ) ਟਲੀਆਂ ਖੜਕਾਉਂਦੇ ਦੁਕਾਨਾਂ ਅਤੇ ਘਰਾਂ ਤੋਂ ਦਾਨ ਮੰਗਦੇ ਫਿਰਦੇ ਹਨ। ਕਈ ਪਾਪ-ਕਰਮੀ ਮਨੁੱਖ ਬਚਿਆਂ ਨੂੰ, ਉਹਨਾਂ ਦੇ ਗਲੀ ਮਹੱਲਿਆਂ ਵਿਚੋਂ ਚੋਰੀ ਉਧਾਲ ਕੇ ਉਹਨਾਂ ਦੀ ਲਤ ਜਾਂ ਬਾਂਹ ਤੋੜ ਦਿੰਦੇ ਹਨ, ਤੇ ਮੰਗਣ ਲਾ ਦਿੰਦੇ ਹਨ। ਭਾਰਤ ਵਿਚ ਵੱਡੇ ਵੱਡੇ ਜੋਗੀਆਂ ਦੀ ਰੀਸੇ ਆਮ ਗ਼ਰੀਬ-ਗੁਰਬਾ ਭੀ ਆਪਣ ਹੱਥੀਂ ਹੱਕ ਹਲਾਲ ਦੀ ਕਮਾਈ ਕਰਨ ਦੀ ਬਜਾਏ ਮੰਗ ਕੇ ਖਾਣ ਲਗ ਪਿਆ ਹੈ। ਲੋਕਾਂ ਵਿਚ ਇਹ ਇਕ ਅਜੀਬ ਜਿਹੀ ਧਾਰਨਾ ਬਣ ਗਈ ਹੈ ਕਿ ਇਹਨਾਂ ਗ਼ਰੀਬ ਗੁਰਬਿਆਂ ਨੂੰ ਦਾਨ ਦੇਣਾ ਪੁੰਨ ਕਰਮ ਹੈ। ਇਸ ਧਾਰਣਾ ਨੇ ਭਿਖਾਰੀ ਪੈਦਾ ਕੀਤੇ ਅਤੇ ਭਿਖਿਆ ਲੈਣਾ ਜਾਂ ਦੇਣਾ ਇਕ ਪੁੰਨ-ਕਰਮ ਬਣਾ ਦਿਤਾ। ਸਤਿਗੁਰੂ ਜੀ ਨੇ ਇਹੋ ਜਿਹਿਆਂ ਨੂੰ ਭਿਖਿਆ ਦੇਣ ਤੋਂ ਰੋਕਿਆ ਹੈ। ਮੁਫ਼ਤ ਦੀਆਂ ਖਾਣ ਵਾਲੇ ਪ੍ਰਪੰਚੀ ਭੇਖੀ ਹਨ, ਇਹਨਾਂ ਨੂੰ ਅਭਿਆਗਤ ਨਹੀਂ ਕਿਹਾ ਜਾ ਸਕਦਾ। ਪਰ ਵਿਦਵਾਨ, ਵਿਚਾਰਵਾਨ, ਸ਼ੁਭ ਗੁਣਾਂ ਦੇ ਧਾਰਨੀ, ਨਾਮ-ਰਸੀਏ, ਉਸ ਪ੍ਰੀਤਮ ਪਿਆਰੇ ਦੀਆਂ ਬਾਤਾਂ ਸੁਨਾਉਣ ਵਾਲੇ ਸਿਦਕਵਾਨਾਂ ਨੂੰ ਪ੍ਰਸ਼ਾਦ ਛਕਾਣਾ ਜਾਂ ਤਨ ਮਨ ਧਨ ਨਾਲ ਸੇਵਾ ਕਰਨਾ ਗੁਰਮਤਿ ਅਨੁਕੂਲ ਹੈ। ਸ੍ਰੀ ਮੁਖਵਾਕ ਹੈ-

ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥
ਉਦਰੈ ਕਾਰਣਿ ਆਪਣੇ, ਬਹਲੇ ਭੇਖ ਕਰੇਨਿ ॥
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥
ਭਾਲਿ ਲਹਨਿ ਸਹੁ ਆਪਣਾ, ਨਿਜ ਘਰਿ ਰਹਣੁ ਕਰੇਨਿ ॥੨॥੬॥ (ਵਾਰ ਰਾਮਕਲੀ, ਮ: ੩-੯੪੯)

ਅਭਿਆਗਤ ਦੇ ਅਰਥ ਹਨ ਭਿਖਿਆ ਮੰਗਣ ਵਾਲਾ ਫਕੀਰ, ਸਾਧੂ, ਜਾਂ ਜੋਗੀ। ਜੋ ਸਾਧੂ ਆਤਮਾ ਦੀ ਖੋਜ ਵਿਚ ਨਹੀਂ ਲਗੇ, ਵੈਸੇ ਹੀ ਪਖੰਡ ਕਰਦੇ ਹਨ ਤਾਂ ਉਹਨਾਂ ਨੂੰ ਦਾਨ ਦੇਣ ਦਾ ਕੋਈ ਲਾਭ ਨਹੀਂ-

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ, ਕਿਸੁ ਕਿਸੁ ਉਤਰੁ ਦੇਉ ॥੧॥੯॥ (ਵਾਰ ਮਾਰੂ, ਸਲੋਕੁ ਮ: ੩-੧੦੮੯

ਦਸਮ ਪਾਤਸ਼ਾਹ ਜੀ ਨੇ ਤਾਂ ਖਾਲਸੇ ਦੇ ਉਚ ਆਚਰਨ ਨੂੰ ਵੇਖ ਕੇ ਇਹ ਕਦਰ ਕੀਮਤ ਬੰਨ੍ਹੀ ਸੀ :

ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹ ਮੈ, ਤਨ ਤੇ, ਮਨ ਤੇ, ਸਿਰ ਲਉ ਧਨ ਹੈ, ਸਭ ਹੀ ਇਨ ਹੀ ਕੋ ॥ [ਗਿਆਨ ਪ੍ਰਬੋਧ, ਕੇਸੋ ਮਿਸ਼ਰ ਪ੍ਰਤੀ

ਪਰ ਵਰਤਮਾਨ ਸਮੇਂ ਅੰਦਰ ਖਾਲਸੇ ਦੇ ਨਾਲ ਨਾਲ ਮਾਂਗਤ ਖਾਲਸਾ ਭੀ ਪੈਦਾ ਹੋ ਗਿਆ ਹੈ। ਇਸ ਲਈ ਦਾਨ ਦੇਣ ਲਗਿਆਂ, ਸਾਵਧਾਨੀ ਵਰਤਣੀ ਜ਼ਰੂਰੀ ਹੈ ਤਾਂਕਿ ਖਾਲਸਾ ਕਿਤੇ ਮੰਗਤਾ ਨ ਬਣ ਜਾਏ। ਅੱਜ ਮਾਂਗਤ ਖਾਲਸਾ ਜ਼ੋਰੀ ਦਾਨ ਮੰਗਦਾ ਫਿਰਦਾ ਹੈ। ਪਰ ਤਤ-ਖਾਲਸਾ ਸੰਤੋਖ ਵਿਚ ਰਹਿ ਕੇ ਵਿਚਰਦਾ ਹੈ, ਜੋ ਮਿਲ ਜਾਏ ਉਸ ਤੇ ਹੀ ਸ਼ੁਕਰ ਕਰ ਲੈਂਦਾ ਹੈ। ਉਸ ਦੀ ਵੱਡੀ ਪਛਾਣ ਹੀ ਇਹੋ ਹੈ ਕਿ ਉਹ ਦਾਨ ਵਲ ਨਹੀਂ ਝਾਕਦਾ, ਆਪਣੀ ਕਿਰਤ ਕਰ ਕੇ ਛਕਦਾ ਹੈ ਤੇ ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ ਅਤੇ ਸੇਵਾ ਹੀ ਉਸ ਦੇ ਜੀਵਨ ਦਾ ਆਧਾਰ ਹੁੰਦਾ ਹੈ।



www.AKJ.Org

# ਇਕਿ ਗਾਵਹਿ ਰਾਗ ਪਰੀਆਂ ਰਾਗਿ ਨ ਭੀਜਈ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸਚਾ ਅਲਖ ਅਭੇਉ ਹਠਿ ਨ ਪਤੀਜਈ ॥
ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥...... (ਪੰਨਾ ੧੨੮੫)

ਅਲੱਖ ਅਭੇਉ ਸੱਚਾ ਸਾਹਿਬ ਵਾਹਿਗੁਰੂ ਨਿਰੰਕਾਰ ਭਲਾ ਨਿਰੇ ਹਠ-ਕਰਮਾਂ ਨਾਲ ਕਿਵੇਂ ਪਤੀਜਦਾ, ਕਿਵੇਂ ਰਾਜ਼ੀ ਹੋ ਸਕਦਾ ਹੈ। ਪਤੀਜਦਾ ਹੈ ਤਾਂ ਪ੍ਰੇਮ ਨਾਲ ਕੀਤੇ ਸਿਫਤ ਸਾਲਾਹੀ ਸਚੇ ਕਰਮ ਨਾਮ ਅਭਿਆਸ ਕਮਾਈ ਦੁਆਰਾ ਹੀ ਪਤੀਜਦਾ ਹੈ। ਪ੍ਰੇਮ ਨਾਲ ਗਾਈ ਕੀਰਤਨਾਈ ਬਾਣੀ ਦੁਆਰਾ, ਜੋ ਗੁਰਮੁਖ ਗਾਂਵਦੇ ਹਨ, ਉਹ ਸੱਚਾ ਸਭ ਤੋਂ ਵਧ ਅਤੇ ਛੇਤੀ ਤੋਂ ਛੇਤੀ ਪਤੀਜਦਾ ਰੀਝਦਾ ਹੈ। ਹੋਰ ਕੱਚੀ ਬਾਣੀ ਦੀਆਂ ਰਾਗਣੀਆਂ ਭਾਵੇਂ ਅਨਿਕ ਤਰੰਗੀ ਰਾਗਾਂ ਨਾਲ ਇੰਦਰ-ਅਖਾੜੇ ਦੀਆਂ ਪਰੀਆਂ ਭੀ ਜ਼ੋਰ ਲਾ ਲਾ ਕੇ ਗਾਵਣ, ਇਹਨਾਂ ਰਾਗਾਂ ਨਾਲ ਵਾਹਿਗੁਰੂ ਕਦੇ ਨਹੀਂ ਪਤੀਜਦਾ, ਕਿਉਂਕਿ ਇਹ ਰਾਗ ਮਨ-ਉਕਤ ਕਚ-ਮਿਲੇ ਗੀਤਾਂ ਵਾਲੇ ਹੁੰਦੇ ਹਨ। ਇਹਨਾਂ ਵਿਚ ਪ੍ਰੇਮ ਦੀ ਅੰਸ ਨਹੀਂ ਹੁੰਦੀ, ਨਾ ਹੀ ਰੱਬ ਨਾਲ ਜੋੜਨ ਵਾਲੀ ਰੱਬੀ ਖਿਚ ਮਨ-ਹੱਠੀ ਰਾਗਾਂ ਵਿਚ ਹੁੰਦੀ ਹੈ। ਇਹ ਰਾਗ ਤਾਂ ਮਨ ਦੀ ਚੰਚਲਤਾ ਨੂੰ ਹੀ ਵਧਾਉਂਦੇ ਹਨ। ਚੰਚਲਤਾ ਕਰਿ ਉਚਾਰੇ ਹੋਏ ਹੱਠ-ਗੀਤਾਰੇ ਰਾਗ ਹੀ ਹੁੰਦੇ ਹਨ। ਇਹਨਾਂ ਰਾਗਾਂ ਦੇ ਗਾਉਣ ਸੁਨਣ ਕਰਿ ਸਗੋਂ ਬਿਰਤੀਆਂ ਗਾਉਣ ਸੁਨਣ-ਹਾਰਿਆਂ ਦੀਆਂ ਹੋਰ ਉਚਾਟ ਅਤੇ ਚੰਚਲ ਹੁੰਦੀਆਂ ਹਨ। ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮ ਤੋਂ ਬੇਮੁਖ ਕਰਾਉਂਦੀਆਂ ਹਨ।

ਅੱਜ ਕਲ੍ਹ ਦੇ ਰਾਗ-ਗੀਤੀ ਅਖਾੜਿਆਂ ਵਿਚ ਇਹੀ ਕਚ-ਰਾਗ ਦਾ ਧੰਦਾ ਪਿਟਿਆ ਜਾਂਦਾ ਹੈ। ਸਾਰੀ ਦੁਨੀਆ ਏਹਨਾਂ ਰਾਗਾਂ ਨੇ ਪਟ ਕੇ ਵਗਾਹ ਦਿਤੀ ਹੈ, ਕੁਸੰਗ ਦੇ ਨਰਕ ਘੋਰ ਵਿਚ ਪਾ ਛੱਡੀ ਹੈ। ਪਰਵਾਰਾਂ ਦੇ ਪਰਵਾਰ ਇਸ ਰਾਗ ਦੇ ਚਸਕੇ ਵਿਚ ਰੁੜ੍ਹੇ ਹੋਏ ਰਸਾਤਲ ਨੂੰ ਚਲੇ ਜਾ ਰਹੇ ਹਨ। ਪਰ ਨਹੀਂ ਬਾਜ਼ ਆਉਂਦੇ। ਏਨ੍ਹਾਂ ਨੂੰ ਦੇਖਿ ਦੇਖਿ ਬੀਮਾਰੀ ਹੋਰ ਭੀ ਦਿਨੋ ਦਿਨ ਵਧਦੀ ਤੁਰੀ ਜਾ ਰਹੀ ਹੈ। ਕੋਈ ਠੱਲ੍ਹ ਨਹੀਂ, ਕੋਈ ਬਚਾਉ ਨਹੀਂ। ਰੁੜ੍ਹਾਉ ਹੀ ਰੁੜ੍ਹਾਉ ਹੈ। ਚਟਪਟੇ ਰਾਗਾਂ ਦੇ ਕੁਚਸਕੇ ਨੇ, ਜੋ ਅੱਜ ਕਲ੍ਹ ਦੇ ਸਿਨਮਿਆਂ ਅਤੇ ਥੀਏਟਰਾਂ ਵਿਚ ਗਾਏ ਸੁਣੇ ਜਾਂਦੇ ਹਨ, ਦੁਨੀਆ ਦੀ ਹਰ ਇਕ ਕੌਮ ਦੀ ਯੁਵਕ ਪਨੀਰੀ ਨੂੰ ਖੁਆਰ ਅਤੇ ਪਾਗਲ ਕਰ ਛਡਿਆ ਹੈ। ਨੌਜਵਾਨਾਂ ਦੇ ਆਚਾਰ ਗੰਦੇ ਕੀਤੇ ਹਨ। ਇਹਨਾਂ ਸਿਨਮਿਆਂ ਥੀਏਟਰੀਕਲ ਰਾਗਾਂ ਨੇ ਗਰੀਬ ਤੋਂ ਗਰੀਬ, ਮਾਇਆ ਕਰਕੇ ਕੰਗਾਲ ਤਬਕੇ ਦੇ ਬੁੱਢੇ ਬਾਲ ਅਤੇ ਜਵਾਨ ਇਸਤ੍ਰੀ ਮਰਦ ਪਰਵਾਰ ਉਜਾੜ ਕੇ ਫ਼ਨਾਹ ਕਰ ਦਿਤੇ ਹਨ।

ਫ਼ੀ-ਜ਼ਮਾਨੇ ਵਿਚ ਜੋ ਆਚਾਰ-ਹੀਨਤਾ ਤੇ ਨਿਰਧਨਤਾ ਅਤੇ ਹੋਰ ਹਰ ਪ੍ਰਕਾਰ ਦੀ ਕੁਚਿਲ ਕੁਚੀਲਤਾ ਸਾਰੀ ਦੁਨੀਆ ਵਿਚ ਵਰਤ ਰਹੀ ਹੈ, ਸੋ ਇਸ ਨਵ-ਫ਼ੈਸ਼ਨੀ ਰਾਗ ਦੀ ਪਟਮੇਲੀ ਕਰਕੇ ਹੀ ਵਰਤ ਰਹੀ ਹੈ, ਜਿਥੋਂ ਉਭਰਨਾ ਰੁੜ੍ਹੀ ਜਾਂਦੀ ਜਨਤਾ ਲਈ ਅਤੀਅੰਤ ਹੀ ਕਠਨ ਹੋ ਗਿਆ ਹੈ। ਇਸ ਰਾਗ ਦੀ ਪਟਮੇਲੀ ਨੇ ਇਨਸਾਨ ਮਾਤਰ ਨੂੰ ਹੈਵਾਨ ਬਣਾ ਛਡਿਆ ਹੈ ਅਤੇ ਸਦ-ਸਦੀਵੀ ਪਸ਼ੇਮਾਨਤਾ ਦੀ ਗਹਿਰ ਵਿਚ ਪਾ ਛਡਿਆ ਹੈ। ਸਭਸ ਦਾ, ਬੰਦੇ ਬਸ਼ਰ ਮਾਤਰ ਦਾ ਸੁਆਰਥ-ਪ੍ਰਮਾਰਥ ਖਾਨ-ਪਾਨ ਧਨ-ਧਾਮ ਸਭ ਕੁਛ ਵਿਗਾੜ ਛਡਿਆ ਹੈ। ਗੰਦੇ ਮੰਦੇ ਇਸ਼ਕੀਆ ਰਾਗਾਂ ਦੀਆਂ ਟੇਢੀਆਂ ਰੀਤਾਂ ਨੇ ਇਨਸਾਨੀ ਦਿਲੋ-ਦਿਮਾਗ ਨੂੰ ਗੰਦਾ ਪਰਾਗੰਦਾ ਕਰ ਦਿਤਾ ਹੋਇਆ ਹੈ। ਇਹਨਾਂ ਰਾਗਾਂ ਨਾਲ ਛਿਨ-ਭੰਗਰੀ ਕੁਚਸਕਤਾ ਭਰੀ ਖੀਨ-ਖਰਾਬੜੀ ਖੁਮਾਰੀ ਕੁਪੁਠੜੇ ਦਿਮਾਗਾਂ ਤੇ ਦਿਲਾਂ ਨੂੰ ਚੜ੍ਹ ਜਾਂਦੀ ਹੈ, ਪਰ ਛਿਨ ਮਾਤਰ ਵਿਚ ਉਤਰ ਜਾਂਦੀ ਹੈ। ਅਸਲ ਅਹਿਲਾਦ, ਸਦੀਵੀ ਖ਼ੁਸ਼ੀ ਵਾਲਾ ਅਹਿਲਾਦ ਇਹਨਾਂ ਕਚ-ਪਿਚੇ ਰਾਗਾਂ ਦੁਆਰਾ ਕਦਾਚਿਤ ਹਾਸਿਲ ਨਹੀਂ ਹੋ ਸਕਦਾ। ਪ੍ਰਮਾਰਥ ਵਲ ਰੁਚੀ ਹੀ ਨਹੀਂ ਦਉੜ ਸਕਦੀ। ਇਹ ਰਾਗ ਪਰਮਾਤਮ-ਪ੍ਰਾਪਤੀ ਦੇ ਪ੍ਰਮਾਰਥੀ ਪਾਸੇ ਵਲੋਂ ਸਗੋਂ ਬੇਮੁਖਤਾਈ ਕਰਾਉਣ ਦਾ ਕਾਰਨ ਬਣਦੇ ਹਨ। ਪਰਮਾਤਮਾ ਕਦੇ ਭਿਜਦਾ-ਪਰਸਿਜਦਾ ਹੈ ਇਹਨਾਂ ਰਾਗਾਂ ਰਾਗਣੀਆਂ ਦੁਆਰਾ ? ਕਦੇ ਨਹੀਂ ਪਤੀਜਦਾ।



www.AKJ.Org

ਗੁਰਬਾਣੀ ਗਾਉਣ ਦੇ ਪ੍ਰਮਾਰਥੀ ਵੇਗ ਵਿਚ ਹੀ ਅਸਾਡੇ ਚੁਟਕੀਲੇ ਫੁਟਕੀਲੇ ਰਾਗੀਆਂ ਨੇ ਸਿਨਮਿਆਂ ਥੀਏਟਰਾਂ ਦੀਆਂ ਤਰਜ਼ਾਂ ਲਿਆਇ ਘਸੋੜੀਆਂ ਹਨ, ਜੋ ਗਾਵਨ ਸੁਨਣਹਾਰਿਆਂ ਦੀਆਂ ਮਾਨਸਕ ਤ੍ਰਿਸ਼ਨਾਵਾਂ ਹੀ ਵਧਾਉਂਦੀਆਂ ਹਨ। ਸਾਰੇ ਚਟਪਟੀਲੇ ਰਾਗੀ, ਚਟਪਟੀਲੇ ਰਾਗਾਂ ਦੀਆਂ ਤਰਜ਼ਾਂ ਦੇ ਕੁੱਠੇ ਹੋਏ ਤੇ ਉਨ੍ਹਾਂ ਦੇ ਸਰੋਤੇ ਨਿਰੀਆਂ ਰਾਗਾਂ ਦੀਆਂ ਚਟਪਟੀਲੀਆਂ ਦੇ ਹੀ ਮੁੱਠੇ ਹੋਏ ਹਨ। ਗੁਰਸ਼ਬਦ ਦੇ ਭਾਵ ਵਲ ਕਿਸੇ ਦਾ ਧਿਆਨ ਹੀ ਨਹੀਂ ਜਾਂਦਾ; ਕਿਸੇ ਦੀ ਸੁਰਤੀ ਹੀ ਨਹੀਂ ਜੁੜਦੀ। **ਪਰਮਾਤਮਾ ਨਾਲ ਲਿਵ ਜੁੜਨ ਜੋੜਨ ਦਾ ਸਭ ਤੋਂ ਵਧੀਕ ਵਸੀਲਾ ਗੁਰਮਤਿ ਅਨੁਸਾਰ ਗੁਰੂ ਘਰ ਅੰਦਰ ਇਕ ਕੀਰਤਨ-ਰਸ-ਤਰੰਗ ਹੀ ਸੀ, ਸੋ ਉਸ ਦਾ ਅਭਾਵ ਹੋ ਰਿਹਾ ਹੈ। ਸੋ ਇਹਨਾਂ ਕੁਰਾਗਾਂ ਕੁਰੰਗਾਂ ਦੇ ਕੁਚਸਕੇ ਦੁਆਰਾ ਹੋ ਰਿਹਾ ਹੈ।**

ਨਾਨਾ ਪ੍ਰਕਾਰ ਦੇ ਸੁਆਂਗ ਬਣਾ ਕੇ ਜੋ ਅੱਜ ਕਲ੍ਹ ਦੇ ਸਿਨਮਿਆਂ ਥੀਏਟਰਾਂ ਵਿਚ ਨਾਚ ਰੰਗ ਹੁੰਦੇ ਹਨ ਅਤੇ ਤਾਲ ਪੂਰੇ ਜਾਂਦੇ ਹਨ, ਇਹ ਸਭ ਨੌਜਵਾਨਾਂ ਨੂੰ ਕੀ, ਹਰ ਪ੍ਰਾਣੀ ਮਾਤਰ ਨੂੰ ਰਸਾਤਲ ਵਿਚ ਡੁਬੋਣ ਦਾ ਸਉਦਾ ਹੈ। ਪ੍ਰਮਾਰਥ ਵਲ ਤਾਂ ਕਿਸੇ ਨੇ ਕੀ ਮੁੜਨਾ ਸੀ, ਬਸ ਰੁੜ੍ਹਨ ਹੀ ਰੁੜ੍ਹਨ ਹੈ।

ਗੁਰਮਤਿ ਇਸ਼ਕ ਹਕੀਕੜੇ ਉਚ ਪ੍ਰਮਾਰਥੀ ਗੁਰਬਾਣੀ-ਕੀਰਤਨ ਦੇ ਰਸੀਅੜੇ ਗੁਰਮੁਖ ਜਨਾਂ ਨੂੰ ਇਹ ਕਚ-ਪਿਚੇ ਰਾਗ ਹਰਗਿਜ਼ ਨਹੀਂ ਭਾਉਂਦੇ। ਤਾਂ ਗੁਰੂ ਕਰਤਾਰ ਨੂੰ ਕਦੋਂ ਭਾ ਸਕਦੇ ਹਨ। ਉਹ ਪੁਰਖ **ਅਗੰਮੜਾ ਕਦੋਂ ਪਤੀਜ ਸਕਦਾ ਹੈ** ਇਹਨਾਂ ਰਾਗ ਰੰਗ ਅਖਾੜੇ ਵਾਲੀਆਂ ਰੀਝਾਂ ਤੇ।

ਬੜੇ ਹਨੇਰ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਕਚ-ਪਿਚੇ ਰਾਗਾਂ ਦੇ ਕਚ ਦੇ ਢੇਰ ਵਿਚ ਕੰਚਨ ਨੂੰ ਰੁਲਾਇਆ ਜਾ ਰਿਹਾ ਹੈ। ਕੱਚੋਂ ਕੰਚਨ ਕਰਨਹਾਰੀ ਪਾਰਸ ਰੂਪੀ ਗੁਰਬਾਣੀ ਦੇ ਕੀਰਤਨ ਨੂੰ ਆਨਮਤੀਆਂ ਦੀ ਰੀਸੇ ਕੁਰੀਸੇ ਗੰਦੇ ਰਾਗਾਂ ਦੇ ਨਾਲ ਹੀ ਰੇਡੀਓ ਉਤੇ ਬ੍ਰਾਡਕਾਸਟ ਕਰ ਕੇ ਗਾਇਆ ਜਾ ਰਿਹਾ ਹੈ। ਜਿਸ ਰੇਡੀਓ ਉਤੇ ਗੰਦੇ ਰਾਗ ਬ੍ਰਾਡਕਾਸਟ ਕੀਤੇ ਜਾਂਦੇ ਹਨ ਉਸੇ ਰੇਡੀਓ-ਸੈਟ ਉਤੇ ਲੋਭ-ਲਾਲਚੀ ਸਿਖ ਰਾਗੀ ਗੁਰ-ਸ਼ਬਦ ਦੇ ਕੀਰਤਨ ਨੂੰ ਬ੍ਰਾਡਕਾਸਟ ਕਰ ਕੇ ਵੇਚ ਰਹੇ ਹਨ। ਬੜੀ ਹੀ ਸ਼ਰਮ ਵਾਲੀ ਗੱਲ ਹੈ। ਕੀ ਇਹ ਗੁਰਬਾਣੀ ਦਾ ਪਰਚਾਰ ਹੈ ਕਿ ਪਰਹਾਰ ? ਇਸ ਨੂੰ ਇਕ-ਦਮ ਰੋਕਿਆ ਜਾਣਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਜੋਤਿ-ਅਵਤਾਰਾਂ ਸਮੇਂ ਕੇਵਲ ਆਨਮਤੀਆਂ ਅੰਦਰ ਹੀ ਇਹ ਕੁਚਸਕੇ ਭਰੀ ਰੀਤੀ ਸੀ। ਗੁਰਸਿਖਾਂ ਨੂੰ ਏਸ ਕੁਚਸਕੇ ਤੋਂ ਬਿਵਰਜਤ ਕਰਨ ਲਈ ਹੀ ਸੱਚੇ ਪਾਤਸ਼ਾਹ ਨੇ ਪਾਖੰਡ ਰਾਗ ਦੇ ਗਾਵਣ ਦੀ ਨਿਖੇਧੀ ਕੀਤੀ ਹੈ ਅਤੇ ਦਸਿਆ ਹੈ, "ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ॥ ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ॥" ਇਸ ਗੁਰ-ਵਾਕ ਦੁਪੰਗਤੀ ਦੁਆਰਾ ਨਾ ਸਿਰਫ਼ ਕਚ-ਪਿਚੇ ਰਾਗਾਂ ਦੀ ਹੀ ਨਿਖੇਧੀ ਕੀਤੀ ਗਈ ਹੈ, ਬਲਕਿ ਤਾਲ-ਪੂਰਨੇ ਨਾਦਾਂ ਨੂੰ ਭੀ ਨਿਖੇਧਿਆ ਗਿਆ ਹੈ। ਗੁਰੂ ਸਾਹਿਬ ਫੁਰਮਾਉਂਦੇ ਹਨ, ਇਸ ਤਰ੍ਹਾਂ ਨਚਣ ਟਪਣ ਨਾਲ ਭਗਤੀ ਨਹੀਂ ਹੁੰਦੀ, ਜੈਸਾ ਕਿ ਭਗਤੀਏ ਫ਼ਿਰਕੇ ਦੇ ਭਗਤੀਆਂ ਨੂੰ ਭਗਤਿ ਪਾਉਣ (ਰਾਸ ਪਾਉਣ) ਦਾ ਮਾਣ ਸੀ। [ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ" ਪੁਸਤਕ, ਪੰਨਾ ੨੬੧—੬੩


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੨੭੨ਪੰਨੇ, ਸੁੰਦਰ ਦੱਖ) ੭-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | | ੦-੮੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ | ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੫੦ |
| ਲੜੀਦਾਰ ਸਰੂਪ—ਸ੍ਰੀ ਗੁਰ ਗ੍ਰੰਥ ਸਾਹਿਬ | ੧-੦੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੦੦ |





www.AKJ.Org

# ਸਿੱਖ ਧਰਮ ਵਿਚ ਸ਼ਹੀਦੀ ਦਾ ਸਥਾਨ

[ਡਾਕਟਰ ਗੋਬਿੰਦ ਸਿੰਘ ਮਨਸੁਖਾਨੀ]

ਕੋਈ ਕੌਮ, ਫ਼ਿਰਕਾ ਜਾਂ ਭਾਈਚਾਰਾ ਓਦੋਂ ਤਕ ਕਾਇਮ ਨਹੀਂ ਰਹਿ ਸਕਦਾ, ਤੇ ਪ੍ਰਫੁਲਤ ਨਹੀਂ ਹੋ ਸਕਦਾ, ਜਦੋਂ ਤਕ ਕਿ ਉਸ ਵਿਚ ਕੁਝ ਅਜਿਹੇ ਸਿਰਲੱਥ ਨਾ ਹੋਣ ਜੋ ਕਿ ਧਰਮ, ਸੱਚਾਈ ਤੇ ਏਕਤਾ ਦੀ ਖ਼ਾਤਰ, ਜਾਂ ਫਿਰ ਆਪਣੀਆਂ ਉਚੀਆਂ ਰਵਾਇਤਾਂ ਤੇ ਜੀਵਨ-ਉਦੇਸ਼ਾਂ ਲਈ, ਸਿਰ ਧੜ ਦੀ ਬਾਜ਼ੀ ਲਾ ਸਕਣ। ਇਹ ਗੱਲ ਸੰਸਾਰ ਦੇ ਇਤਿਹਾਸ ਤੋਂ ਸਾਫ਼ ਸਿਧ ਹੁੰਦੀ ਹੈ।

ਸਿਖ ਧਰਮ ਵਿਚ ਪਰਵੇਸ਼ ਕਰਨ ਲਈ ਸਤਿਗੁਰੂ ਅਤੇ ਵਾਹਿਗੁਰੂ ਪ੍ਰਤੀ ਭਗਤੀ-ਭਾਵ ਤੇ ਉਨ੍ਹਾਂ ਤੋਂ ਆਪਾ ਵਾਰਨਾ ਜ਼ਰੂਰੀ ਸ਼ਰਤਾਂ ਹਨ। ਇਕ ਸੱਚਾ ਸਿਖ ਬਣਨ ਲਈ ਗੁਰੂ ਸਾਹਿਬਾਂ ਨੇ ਇਹ ਜ਼ਰੂਰੀ ਸ਼ਰਤ ਰਖੀ ਹੈ ਕਿ ਉਹ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਸਦਾ ਤਿਆਰ-ਬਰ-ਤਿਆਰ ਰਹੇ। ਭਾਵ, ਉਹ ਸਿਰ ਤਲੀ ਤੇ ਰਖ ਕੇ ਆਵੇ—

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥੨੦॥ ਸਲੋਕ ਮ: ੧—੧੪੧੨

ਉਹ ਜ਼ਾਤੀ ਸੋਭਾ ਲਈ, ਕਿਸੇ ਫਲ ਦੀ ਪ੍ਰਾਪਤੀ ਲਈ, ਜਾਂ ਸੁਰਗਾਂ ਦੀ ਪ੍ਰਾਪਤੀ ਲਈ ਮਰਨਾ ਨਹੀਂ ਲੋਚਦਾ, ਸਗੋਂ ਸੱਚ ਦੀ ਖ਼ਾਤਰ ਅਤੇ ਦੀਨਾਂ ਦੁਖੀਆਂ ਤੇ ਲਤਾੜੇ ਹੋਏ ਮਨੁਖਾਂ ਦੀ ਰੱਖਿਆ ਕਰਨ ਹਿਤ ਮੈਦਾਨ ਵਿਚ ਨਿਤਰਦਾ ਹੈ। ਇਹ ਖ਼ਾਲਸੇ ਦੀ ਰਵਾਇਤ ਬਣ ਗਈ ਹੈ।

ਗੁਰੂ ਸਾਹਿਬਾਂ ਦੇ ਸਮੇਂ ਤੋਂ ਲੈ ਕੇ ੧੯੭੧ ਦੀ ਹਿੰਦ-ਪਾਕ ਲੜਾਈ ਦੇ ਸਮੇਂ ਤਕ ਸਿਖ ਕੌਮ ਨੇ ਇਹ ਗੱਲ ਸਿੱਧ ਕਰ ਦਿਤੀ ਹੈ ਕਿ ਸੱਚਾਈ, ਨਿਆਂ ਤੇ ਦੇਸ਼ ਦੀ ਖ਼ਾਤਰ ਮਰ ਮਿਟਣਾ ਇਸ ਕੌਮ ਦੇ ਸੁਭਾ ਦਾ ਇਕ ਵਿਸ਼ੇਸ਼ ਅੰਗ ਹੈ ਅਤੇ ਇਹੋ ਉਨ੍ਹਾਂ ਦੀ ਸ਼ਾਨਦਾਰ ਪਰੰਪਰਾ ਹੈ।

ਸਿਖ ਸ਼ਹੀਦ ਹੋਣ ਦੀ ਮੰਗ ਨਹੀਂ ਕਰਦੇ, ਸਗੋਂ ਸ਼ਹੀਦੀ ਪ੍ਰਾਪਤ ਕਰਦੇ ਹਨ। ਮਰਨਾ ਸੂਰਮਿਆਂ ਦਾ ਹੱਕ ਹੈ, ਪਰ ਮਰਨਾ ਕਿਸੇ ਠੀਕ ਉੱਚੇ ਸੁੱਚੇ ਮਨੋਰਥ ਲਈ ਹੋਣਾ ਚਾਹੀਦਾ ਹੈ—

ਮਰਣਾ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥ (ਪੰਨਾ ੫੮੦)

ਸਿਖ ਇਤਿਹਾਸ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਅਤੇ ਹੋਰ ਅਨਗਿਣਤ ਸਿੱਖਾਂ ਦੀਆਂ ਬੇਨਜ਼ੀਰ ਤੇ ਲਾਸਾਨੀ ਸ਼ਹੀਦੀਆਂ ਦੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ, ਜਿਨ੍ਹਾਂ ਨੇ ਕਿ ਧਾਰਮਿਕ ਆਜ਼ਾਦੀ ਦਾ ਨਿਸ਼ਾਨ ਉਚਾ ਕਰਨ ਤੇ ਅਤਿਆਚਾਰ ਨੂੰ ਜੜ੍ਹੋਂ ਉਖੇੜਨ ਲਈ, ਆਪਣੀਆਂ ਜਾਨਾਂ ਵਾਰੀਆਂ।

ਨਿਰਸੰਦੇਹ, ਪਾਪਾਂ ਤੇ ਬੁਰਿਆਈਆਂ ਨਾਲ ਭਰੀ ਇਸ ਦੁਨੀਆ ਵਿਚ, ਪ੍ਰਭੂ ਦੇ ਪਿਆਰਿਆਂ ਨੂੰ ਸੱਚ ਤੇ ਨਿਆਂ ਦੀ ਖ਼ਾਤਰ ਦੁਖੜੇ ਸਹਿਣ ਲਈ ਤਿਆਰ ਰਹਿਣਾ ਪੈਂਦਾ ਹੈ। ਸਤਿਗੁਰਾਂ ਦੇ ਉਦੇਸ਼ ਅਨੁਸਾਰ ਸੱਚਾ ਸੂਰਬੀਰ ਉਹੀ ਹੈ ਜੋ ਸੱਚ ਦਾ ਨਿਸ਼ਾਨ ਝੁਲਾਣ ਲਈ ਮੈਦਾਨ ਵਿਚ ਨਿਤਰਦਾ ਹੈ ਤੇ ਫਿਰ ਰਣ-ਭੂਮੀ ਵਿਚ ਪਿੱਠ ਨਹੀਂ ਵਿਖਾਂਦਾ—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਪੰਨਾ ੧੧੦੫)

ਸ਼ਹੀਦ ਖਿੜੇ ਮੱਥੇ ਫਾਂਸੀ ਦੇ ਤਖ਼ਤੇ ਉਪਰ ਜਾ ਚੜ੍ਹਦੇ ਹਨ। ਵਡੇ ਤੋਂ ਵਡੇ ਭਿਅੰਕਰ ਤਸੀਹੇ ਵੀ ਉਨ੍ਹਾਂ ਨੂੰ ਡਰਾ ਨਹੀਂ ਸਕਦੇ। ਉਹ ਜੱਲਾਦ ਨੂੰ ਵੀ ਅਡੋਲ ਤੇ ਸਮ-ਦ੍ਰਿਸ਼ਟੀ ਨਾਲ ਦੇਖਦੇ ਹਨ, ਕਿਉਂਕਿ ਉਨ੍ਹਾਂ ਨੂੰ ਆਪਣੇ ਮਨੋਰਥ ਦੀ ਸੱਚਾਈ ਉਪਰ ਪੂਰਨ ਵਿਸ਼ਵਾਸ ਹੁੰਦਾ ਹੈ। ਸੱਚਾ ਸ਼ਹੀਦ ਆਪਣੇ ਆਪ ਨੂੰ ਅਕਾਲ ਪੁਰਖ ਦਾ ਹੁਕਮੀ ਬੰਦਾ ਸਮਝਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਕ ਲਾਸਾਨੀ ਸ਼ਹਾਦਤ ਸੀ। ਉਨ੍ਹਾਂ ਨੇ ਆਪਣੇ ਸਿਖ-ਸੇਵਕਾਂ ਦੀ ਸਹਾਇਤਾ ਲਈ ਨਹੀਂ ਸਗੋਂ ਹਿੰਦੂ ਧਰਮ ਦੀ ਰੱਖਿਆ ਕਰਦੇ ਹੋਇਆਂ ਆਪਣੀ ਕੁਰਬਾਨੀ ਦਿਤੀ।

ਸਿਖ ਇਤਿਹਾਸ ਉਨ੍ਹਾਂ ਸਿੱਖਾਂ ਦੇ ਸ਼ਾਨਦਾਰ ਕਾਰਨਾਮਿਆਂ ਅਤੇ ਨਿਰਭੈ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਨੇ ਸ਼ੁਭ ਕਰਮਾਂ, ਸੱਚ ਤੇ ਇਨਸਾਫ਼ ਖ਼ਾਤਰ ਤਸੀਹੇ ਸਹੇ।



'ਸੂਰਾ' ਅੰਮ੍ਰਿਤਸਰ, ਜੂਨ ੧੯[illegible]

www.AKJ.Org

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ—

| | |
|---|---|
| ਵੀ.ਐਸ. ਛਾਬੜਾ, ਦਿਲੀ (ਸ਼ਹੀਦੀ ਫ਼ੰਡ) | ੫੦੦-੦੦ |
| ਸ: ਕਮਲਪ੍ਰੀਤ ਸਿੰਘ, ਬਟਾਲਾ | ੧੩੧-੦੦ |
| ਸ: ਹਰਭਜਨ ਸਿੰਘ ਗਿਲ, ਇਲਫ਼ੋਰਡ ਯੂ.ਕੇ. | ੬੦੦-੦੦ |
| ਗੁਪਤ ... ... ... | ੧੦੦-੦੦ |
| ਸ: ਜਗਤਾਰ ਸਿੰਘ, ਜੈਨ | ੫੧-੦੦ |
| ਸ: ਪ੍ਰਦੰਮਨ ਸਿੰਘ, ਜਲੰਧਰ | ੧੦੦-੦੦ |
| ਅਖੰਡ ਕੀਰਤਨੀ ਜਥਾ, ਸਾਊਥਾਲ ਯੂ.ਕੇ. | ੯੦੦-੦੦ |
| ਸਾਧ ਸੰਗਤ, ਲਮਿੰਗਟਨ ਯੂ.ਕੇ. | ੨੫੦੦-੦੦ |
| :ਮਨਜੀਤ ਸਿੰਘ,ਮੈਨਜ਼-ਫ਼ੀਲਡ,ਕਲਿਪਸਟਨ,ਯੂ.ਕੇ. | ੭੨੫-੦ |
| ਭਾਈ ਮਲਕੀਅਤ ਸਿੰਘ, ਸਲੌਅ ਯੂ.ਕੇ. | ੫੦੦-੦੦ |
| ਭਾਈ ਸੋਹਣ ਸਿੰਘ, ਸਲੌਅ ਯੂ.ਕੇ. | ੨੫੦-੦੦ |
| ਅਖੰਡ ਕੀਰਤਨਜਥਾ,ਲਮਿੰਗਟਨ (ਬੀਬੀਆਂਵਲੋਂ) | ੨੫੨੫-੦੦ |
| ਭਾਈ ਕੁਲਵੰਤ ਸਿੰਘ, ਨੋਟਿੰਗਮ ਵਾਲੇ | ੫੦੦-੦੦ |
| ਗੁਪਤ ... ... | ੧੦੦-੦੦ |
| ਸਾਧ ਸੰਗਤ ਕੋਵੈਨਟਰੀ ਯੂ. ਕੇ. (ਸ਼ਹੀਦੀ ਫੰਡ) | ੧੧੦੦-੦੦ |
| ਸ: ਕਰਤਾਰ ਸਿੰਘ ਪ੍ਰਗਰ, ਸਲੋਅ ਯੂ. ਕੇ. | ੫੦੦-੦੦ |
| ਡਾਕਟਰ ਮੋਹਨ ਸਿੰਘ ਸੈਣੀ, ਬਰਮਿੰਘਮ ਯੂ. ਕੇ. | ੪੩੦੦-੦੦ |
| ਗੁਪਤ (ਬੱਚੇ ਵਲੋਂ ਪ੍ਰੀਖਿਆ ਚਿ ਕਾਮਯਾਬੀ ਲਈ) | ੨੦੦-੦੦ |
| ਸੰਗਤ ਗੁਰਦਵਾਰਾ ਵਿਲਨਹਾਲ ਯੂ. ਕੇ. | ੧੫੦੦-੦੦ |
| ਗੁਪਤ ... ... | ੫੦-੦੦ |
| ਸ: ਬਲਵਿੰਦਰ ਸਿੰਘ ਸੰਘਰਾ | ੫੭੦-੦੦ |
| ਸ: ਰਵਿੰਦਰ ਸਿੰਘ, ਅੰਮ੍ਰਿਤਸਰ | ੫੦-੦੦ |
| ਸ਼ਿਵ ਪੇਂਜਾ ਹਾਊਸ ਅੰਮ੍ਰਿਤਸਰ(ਹੜ੍ਹ ਪੀੜਤਾਂ ਲਈ) | ੧੭੫-੦੦ |
| ਗੁਪਤ ... ... | ੭੦੦੦-੦੦ |
| Cpl. ਕੁਲਦੀਪ ਸਿੰਘ, ਜਲਾਹਲੀ | ੧[illegible]੦-੦੦ |
| ਸ: ਸੁਰਿੰਦਰਪਾਲ ਸਿੰਘ, ਦਿਲੀ (ਮਦਰਾਸੀ ਪਰਵਾਰ ਲਈ) | ੧੮੦-੦੦ |
| ਸਰਦਾਰਨੀ ਸੀਤਲ ਕੌਰ, ਰੇਡਿੰਗ ਯੂ. ਕੇ. ,, | ੧੦੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀ: ਦਲਜੀਤਕੌਰ ਪਤਨੀ ਸ:ਮਖਣਸਿੰਘ ਸੰਧੂ ਚਠਾ(ਕਪੂਰਥਲਾ)(ਪਤੀ ਦੇ ਕੇਸ ਦੀ ਪੈਰਵੀ ਤੇ ਬੱਚਿਆਂ ਦੀ ਪਾਲਣਾ ਲਈ | ੫੦੦੦-੦੦ |
| ਬੀਬੀ ਮਨਜੀਤ ਕੌਰ ਪਤਨੀ ਸ: ਸ਼ਿੰਗਾਰਾ ਸਿੰਘ, ਦੀਨੇ ਕੇ (ਪਤੀ ਜੇਲ੍ਹ ਘਰ ਦੇ ਗੁਜ਼ਾਰੇ ਲਈ) | ੪੦੦੦-੦੦ |
| ਬੀਬੀ ਰਣਜੀਤ ਕੌਰ ਪਤਨੀ ਸ: ਸਰਮੁਖ ਸਿੰਘ, ਤੁਸਿਕਾ (ਨੌਜਵਾਨ ਬੱਚਾ ਪੁਲਿਸ ਮੁਕਾਬਲੇ ਵਿਚ ਸ਼ਹੀਦ, ਘਰੇਗੀ ਲੋੜਾਂ) | ੫੦੦੦-੦੦ |
| ਸ: ਗੁਰਦੀਪਸਿੰਘ ਪੁਤਰ ਸ:ਖੜਕ ਸਿੰਘ,ਕੋਟਲੀ ਅੰਮ੍ਰਿਤਸਰ (ਹੜ੍ਹਾਂ ਨਾਲ ਫ਼ਸਲ,ਮਕਾਨ ਆਦਿ ਤਬਾਹ, ਗੁਜ਼ਾਰੇ ਲਈ) | ੫੦੦੦-੦੦ |
| ਮਾਤਾ ਮਹਿੰਦਰ ਕੌਰ ਪਤਨੀ ਸ: ਇੰਦਰ ਸਿੰਘ, ਮੰਗੂਪੁਰ ਸੁਲਤਾਨਪੁਰ ਲੋਧੀ (ਪੁਤਰ ਦੇ ਕੇਸ ਦੀ ਪੈਰਵੀ ਲਈ) | ੨੦੦੦-੦੦ |
| ਬੀਬੀ ਜੀਵਨ ਕੌਰ ਪਤਨੀ ਸ: ਜਰਨੈਲ ਸ਼ਿੰਘ,ਮਾਜਰੀ ਰਸੂਲੜਾ ਖੰਨਾ (ਪਤੀ ਦੇ ਕੇਸ ਦੀ ਪੈਰਵੀ ਤੇ ਪਰਵਾਰਕ ਲੋੜਾਂ) | ੫੦੦੦-੦੦ |
| ਬੀਬੀ ਮਹਿੰਦਰ ਕੌਰ (ਮਾਤਾ ਭਾਈ ਅਵਤਾਰ ਸਿੰਘ) ਤੁੰਗਪਾਈ ਅੰਮ੍ਰਿਤਸਰ (ਪੁਤਰ ਸ਼ਹੀਦ, ਗੁਜ਼ਾਰੇ ਲਈ) | ੩੦੦੦-੦੦ |
| ਬੀਬੀ ਹਰਦੇਵ ਕੌਰ ਪਤਨੀ ਭਾਈ ਬਲਦੇਵ ਸਿੰਘ, ਤੁੰਗਪਾਈ ਅੰਮ੍ਰਿਤਸਰ ਪਤੀ ਗ੍ਰਿਫ਼ਤਾਰ, ਦੋ ਬੱਚੇ. ਪਰਵਾਰਕ ਲੋੜਾਂ) | ੩੦੦੦-੦੦ |
| ਬੀਬੀ ਜੋਗਿੰਦਰ ਕੌਰ ਪਤਨੀ ਸ: ਬਲਵੀਰ ਸਿੰਘ ਬੜੌਂ ਹੁਸ਼ਿਆਰਪੁਰ (ਪਤੀ ਜੇਲ੍ਹ ਜਾਣ ਕਰਕੇ ਘਰੇਗੀ ਤੰਗੀ, ਗੁਜ਼ਾਰਾ) | ੩੦੦੦-੦੦ |
| ਫ਼ੌਜੀ ਤੇ ਸ਼ਹੀਦੀ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ ੨+੬ ੫+੮+੨+੧=੨੪ | ੫੦੫੦-[illegible]੦ |
| ਸਰਦਾਰਨੀ ਅਮਰ ਕੌਰ ਪਤਨੀ ਗੁਰਪੁਰ ਵਾਸੀ ਭਾਈ ਭਜਨ ਸਿੰਘ (ਮਦਰਾਸੀ ਪਰਵਾਰ) | ੧੭੦੦-੦੦ |

## ਹੜ੍ਹ ਪੀੜਤਾਂ ਨੂੰ ਪਿਛਲੇ ਮਹੀਨੇ ਵੰਡੀਆਂ ਗਈਆਂ ਰਜਾਈਆਂ

ਗਿਦੜਪਿੰਡੀ, ਤਸੀਲ ਨਕੋਦਰ, ਲੋਹੀਆਂ ਅਤੇ ਇਲਾਕਾ ਦਿਲਵਾਂ ਦੇ ਹੇਠ ਲਿਖੇ ਪਿੰਡਾਂ ਵਿਚ ਭਾਈ ਸਾਧੂ ਸਿੰਘ ਜੀ ਪਾਰਟੀ ਕਪੂਰਥਲਾ ਰਾਹੀਂ 712 ਸੁੰਦਰ ਵਧੀਆ ਰਜਾਈਆਂ ਭਰਵਾ ਕੇ ਵੰਡੀਆਂ ਗਈਆਂ—

ਮੰਡ ਚਕੋਕੀ, ਵਾੜਾ ਜੋਧ ਸਿੰਘ, ਪਿੰਡ ਕਣਕ, ਸਾਬੂਵਾਲ, ਫਰੀਸਰਾ, ਜਕੋਪੁਰ, ਨਵਾਂ ਪਿੰਡ ਖਾਨੇ-ਵਾਲ, ਸਿਧੂਪੁਰ, ਯੂਸਫਪੁਰ ਦਾਰੇਵਾਲ, ਬਸਤੀ ਠਾਕਰ ਸਿੰਘ ਦਾਰੇਵਾਲ, ਪਿੰਡ ਤਕੀਆ, ਭਰੋਵਾਣਾ, ਚੇਨਣਵਿੰਡੀ, ਗਿਦੜਵਿੰਡੀ, ਮੰਡ ਸ਼ਹਿਜੀਆਂ, ਮੰਡ ਚੋਲੀਆਂ, ਪਿੰਡ ਸਰਦਾਰਵਾਲਾ, ਨਸੀਰਪੁਰ ਨਲ, ਮੰਡ ਯੂਸਫਪੁਰ ਦਾਰੇਵਾਲ, ਤਕੀਆ, ਮੰਡ ਸਰਦਾਰ ਸਾਹਿਬ, ਮੰਡ ਸੰਧੀ ਖਾਂ, ਮੰਡ ਟਾਹਲੀ, ਨੂਰਪੁਰ ਲੁਬਾਣਾ, ਮੰਡ ਨੂਰਪੁਰ ਜੱਫਾ, ਮੰਡ ਹਬੀਬਵਾਲ, ਪਿੰਡ ਦੁਸਾਰਪੁਰ, ਰਪਮਪੁਰ ।

www.AKJ.Org

# ਸ਼ਹੀਦੀ ਗੁਰਪੁਰਬ ਸਾਲਾਨਾ ਸਮਾਗਮ ਹੁਸ਼ਿਆਰਪੁਰ ਵਿਖੇ

## ੪ ਜੂਨ ਐਤਵਾਰ ਤੋਂ ੮ ਜੂਨ ੧੯੮੯ ਵੀਰਵਾਰ ਸਵੇਰ ਤਕ

ਸ਼ਹੀਦਾਂ ਦੇ ਸਿਰਤਾਜ ਸਤਿਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਅਖੰਡ ਕੀਰਤਨੀ ਜਥਿਆਂ ਅਤੇ ਪ੍ਰਬੰਧਕ ਕਮੇਟੀ ਗੁ: ਸਿੰਘ ਸਭਾ ਵਲੋਂ ਹੁਸ਼ਿਆਰਪੁਰ ਵਿਖੇ ਮਨਾਇਆ ਜਾ ਰਿਹਾ ਹੈ । ਸਾਰੇ ਪ੍ਰੋਗਰਾਮ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਵਿਖੇ ਹੋਣਗੇ ।

੪ ਜੂਨ ਸ਼ਾਮ ੬ ਤੋਂ ੮ ਕੀਰਤਨ । ੫ ਜੂਨ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ, ਸ਼ਾਮ ੬ ਤੋਂ ੮ ਕੀਰਤਨ । ੬ ਜੂਨ ਸਵੇਰੇ ੬ ਤੋਂ ੧੧ ਕੀਰਤਨ, ਸ਼ਾਮ ੪ ਵਜੇ ਅਰੰਭ ਨਗਰ ਕੀਰਤਨ । ੭ ਜੂਨ ਸਵੇਰੇ ੬ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ ੬ ਵਜੇ ਅੰਮ੍ਰਿਤ-ਸਿੰਚਾਰ ਅਰੰਭ, ਸ਼ਾਮ ੭-੩੦ ਰੈਣ ਸਾਈ ਕੀਰਤਨ ਅਰੰਭ । ੮ ਜੂਨ ਸਵੇਰੇ ੬ ਵਜੇ ਸਮਾਪਤੀ ।

ਨੋਟ:—੧. ਰਿਹਾਇਸ਼ ਤੇ ਲੰਗਰ ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ । ੨.ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ । ੩. ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ।

ਪੁਛਗਿਛ:ਭਾ:ਪਰਮਜੀਤਸਿੰਘ,ਗੁਰੂ ਨਾਨਕ ਜਨਰਲ ਸਟੋਰ,ਨੇੜੇ ਬਸ ਸਟੈਂਡ,ਹੁਸ਼ਿਆਰਪੁਰ ਸਕਤ੍ਰ ਗੁ: ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ।

ਪ੍ਰਾਰਥਕ ਦਾਸਰੇ
ਅਖੰਡ ਕੀਰਤਨੀ ਜਥਾ ਹੁਸ਼ਿਆਰਪੁਰ

## ਗੁਰੂ ਕੀ ਵਡਾਲੀ ਜਨਮ-ਅਸਥਾਨ ਪਾ: ੬ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼-ਉਤਸ਼ਵ ਗੁਰਪੁਰਬ ਦੇ ਸੰਬੰਧ ਚਿ ਉਨ੍ਹਾਂ ਦੇ ਜਨਮ-ਅਸਥਾਨ ਵਿਖੇ ਪ੍ਰੋਗਰਾਮ—੧੭ ਜੂਨ ੧੯੮੯ ਸ਼ਨੀਵਾਰ ਸਵੇਰੇ ੬ ਤੋਂ ੧੧ ਤਕ ਕੀਰਤਨ; ਸ਼ਾਮ ੭ ਵਜੇ ਅਰੰਭ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸਿੰਚਾਰ । ਐਤਵਾਰ ਸਵੇਰੇ ੫ ਵਜੇ ਸਮਾਪਤੀ ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਵਡਾਲੀ

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਪ੍ਰੋਗਰਾਮ

(1) ਲੋਕਲ ਪ੍ਰੋਗਰਾਮ ਸ੍ਰੀ ਅਖੰਡਪਾਠ 9 ਤੋਂ 11 ਜੂਨ, ਚੜ੍ਹਦੀ ਕਲਾ ਲਈ, ਬੀਬੀ ਸੁਰਿੰਦਰ ਕੌਰ ਦੇ ਗ੍ਰਹਿ 17. Haughton Road, Handsworth Birmingham-B-21. ਫ਼ੋਨ 021-356-5723 ਅਤੇ 021-554-7280

(2) ਕੀਰਤਨ ਰੈਣ ਸਬਾਈ 17.6.89 ਸ਼ਨੀਵਾਰ ਰਾਤ ਨੂੰ ਗੁਰੂ ਨਾਨਕ ਗੁਰਦਵਾਰਾ (ਸਿਖ ਟੈਂਪਲ) ਪ੍ਰਾਸਪੈਕਟ ਸਟਰੀਟ, ਨੇੜੇ ਫ਼ਾਇਰ ਸਟੇਸ਼ਨ, ਹਡਰਸਫੀਲਡ—ਯਾਰਕਸ, ਗੁਰਦਵਾਰਾ ਫ਼ੋਨ 0484-23773

ਵਧੇਰੇ ਜਾਣਕਾਰੀ ਲਈ ਜਥੇਦਾਰ ਦੀਦਾਰ ਸਿੰਘ ਫ਼ੋਨ 0484-545165

## ਯੂ.ਕੇ. ਵਿਚ ਆਪਣੇ ਬਕਾਏ ਤੇ ਚੰਦੇ ਜਮ੍ਹਾਂ ਕਰਾਓ

S. Gurnam Singh, 10-Lambourne Gardens, Early, Reading, Berks.Phone 0734-67900

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੭੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤਗੁਰਮਤਿਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਅੰਧੇਰਾ | ੦-੩੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਜ਼ਾਹਰਾ ਜ਼ਹਰ ਗੁਰੂ ਗੋਬਿੰਦ ਸਿੰਘ | ੦-੨੫ |

ਪਤਾ—ਭਾਈ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

# 'ਸੂਰਾ' ਮਾਸਕ ਪੱਤਰ ਦਾ ਨਵਾਂ ਪਤਾ

'ਸੂਰਾ' ਮਾਸਕ ਪੱਤਰ, ੩੯੦-ਦਸਮੇਸ਼ ਕਲਾਥ ਮਾਰਕੀਟ; ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org